Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਜੁਲਾਈ 2016 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !



ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ... ਮੇਰੀ ਖਿੜੀ ਰਹੇ ਗੁਲਜ਼ਾਰ - ਨਸ਼ਿਆਂ ਤੋਂ ਛੁਟਕਾਰਾ



ਨਸ਼ਿਆਂ ਤੋਂ ਮਤਲਬ ਸ਼ਰਾਬ, ਭੰਗ, ਅਫੀਮ, ਤੰਬਾਕੂ, ਚਰਸ, ਗਾਂਜਾ, ਤਾੜੀ, ਹੈਰੋਇਨ, ਕੁਕੀਨ ਅਤੇ ਉਨ੍ਹਾਂ ਸਭ ਡਰੱਗਜ਼ ਆਦਿ ਵਸਤੂਆਂ ਤੋਂ ਹੈ ਜਿਨ੍ਹਾਂ ਦੇ ਸੇਵਨ ਨਾਲ ਮਨੁੱਖ ਦਾ ਦਿਮਾਗੀ ਸੰਤੁਲਨ ਵਿਗੜ ਜਾਂਦਾ ਹੈ ਅਤੇ ਉਹ ਇਕ ਵਕਤੀ ਜਿਹੀ ਮਸਤੀ ਅਨੁਭਵ ਕਰਦਾ ਹੈ। ਕੁਦਰਤ ਨੇ ਤਾਂ ਸਾਨੂੰ ਗੁਰਮਤਿ ਅਨੁਸਾਰ ਸੰਸਾਰੀ ਜੀਵਨ ਜਿਉਣ ਦੀ ਜਾਂਚ ਦਰਸਾਈ ਹੈ –

**"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥"**

ਕੁਦਰਤਿ ਦੇ ਵਿੱਚ ਜੀਵਨ ਜਾਂਚ ਅਨਮੋਲ ਹੈ ਅਤੇ ਇਸ ਨਾਲ ਹੀ ਸਵੱਛ, ਸਾਦਾ ਜੀਵਨ ਗੁਰਮਤਿ ਅਸੂਲਾਂ ਮੁਤਾਬਿਕ ਹੀ ਪਰਿਵਾਰ, ਸਮਾਜ, ਦੇਸ਼ ਅਤੇ ਸਭ ਲੋਕਾਈ ਦੀ ਭਲਾਈ ਹੈ। ਵਿਗਿਆਨ ਕੁਦਰਤ ਦੇ ਗੁੱਝੇ ਭੇਦ ਲੱਭ ਕੇ ਵਧੀਆ ਜੀਵਨ ਦੀ ਪ੍ਰਗਤੀ ਤੇ ਹੈ ਪਰ ਦੂਜੇ ਪਾਸੇ ਇਸ ਦਾ ਇਖਲਾਕੀ ਪੱਧਰ ਦਿਨ-ਬ-ਦਿਨ ਨੀਵਾਂ ਹੁੰਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਨਸ਼ਿਆਂ ਦੀ ਮਾਰ ਹੈ ਅਤੇ ਨਸ਼ੇ ਥੋੜ੍ਹੇ ਸਮਰੱਥਾ ਤੋਂ ਉੱਚ ਨਸ਼ਿਆਂ ਵਾਲੇ ਪਦਾਰਥਾਂ ਦੀ ਬਹੁਤਾਤ ਅਤੇ ਵੰਡ ਕਾਰਨ ਹਨ। ਇਨ੍ਹਾਂ ਨਸ਼ਿਆਂ ਦਾ ਸੇਵਨ ਵਧਾਉਣ ਵਿਚ ਤਸ਼ਕਰਾ ਰਾਹੀਂ ਅਸਾਨੀ ਨਾਲ ਸਮੈਕ ਦਾ ਮਿਲਣਾ, ਸਰਕਾਰੀ ਨੀਤੀ ਕਾਰਨ ਸ਼ਰਾਬਾਂ ਨੂੰ ਵਧੇਰੇ ਪ੍ਰਚੱਲਿਤ ਕਰਨਾ ਅਤੇ ਸਿਰਫ਼ ਸ਼ਰਾਬ ਦੀ ਹੋਣ ਵਾਲੀ ਆਮਦਨ ਵੇਖਣਾ ਪ੍ਰੰਤੂ ਇਸ ਦੇ ਮਾੜੇ ਪ੍ਰਭਾਵਾਂ ਦਾ ਮੁਲਆਂਕਣ ਨਾ ਕਰਨਾ ਵੀ ਸਮਾਜ ਨੂੰ ਡੋਬੀ ਜਾ ਰਿਹਾ ਹੈ। ਪੁਰਾਣੇ ਸਮਿਆਂ ਵਿਚ ਸ਼ਰਾਬ ਤਾਂ ਇਕ ਪਾਸੇ ਚਾਹ ਵੀ ਨਹੀਂ ਸੀ ਸੇਵਨ ਕੀਤੀ ਜਾਂਦੀ। ਉਸ ਸਮੇਂ ਸਮਾਜ ਵਿਚ ਉੱਚੇ, ਲੰਮੇ, ਤਕੜੇ ਗੱਭਰੂ ਅਤੇ ਮੁਟਿਆਰਾਂ ਦੀ ਹੋਂਦ ਹੁੰਦੀ ਸੀ। ਇਹ ਸਭ ਕੋਲ ਵੱਡੀਆਂ ਪ੍ਰਾਪਤੀਆਂ ਕਰਨ ਦੀ ਸਮਰੱਥਾ ਹੁੰਦੀ ਸੀ। ਇਸ ਤਰ੍ਹਾਂ ਚੰਗਾ ਤੇ ਸਾਦਾ ਖਾਣ-ਪੀਣ ਨਾਲ ਸਹਿਣਸ਼ੀਲਤਾ, ਆਪਸੀ ਪਿਆਰ, ਸੰਗਤ ਅਤੇ ਭਾਈਚਾਰਾ ਬਹੁਤ ਹੀ ਨੇੜਤਾ ਤੇ ਨਿੱਘ ਭਰਿਆ ਬਣਿਆ ਰਹਿਣ ਕਰਕੇ ਇਕ-ਦੂਜੇ ਨਾਲ ਮਿਲਾਪੜਾ ਅਤੇ ਸਹਿਯੋਗੀ ਬਣਿਆ ਰਹਿੰਦਾ ਸੀ। ਤਦੇ ਤਾਂ ਗੁਰਬਾਣੀ ਅਨੁਸਾਰ – **"ਆਇ ਮਿਲੁ ਗੁਰਸਿਖ ਆਇ ਮਿਲੁ, ਤੂ ਮੇਰੇ ਗੁਰੂ ਕੇ ਪਿਆਰੇ"** ਅਤੇ ਇਸ ਤਰ੍ਹਾਂ ਨਸ਼ੇ ਗੁਰਮਤਿ ਵਿਰੋਧੀ ਹਨ। **"ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ।"** ਇਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿਚ ਨਸ਼ਿਆਂ ਦਾ ਖਾਣਾ-ਪੀਣਾ ਮਹਾਂ ਨੀਚ ਕਰਮ ਦੱਸਿਆ ਹੈ। ਨਸ਼ਿਆਂ ਦੇ ਅਧੀਨ ਰਹਿਣ ਵਾਲੇ ਇਤਨਾ ਗਿਰ ਜਾਂਦੇ ਹਨ ਕਿ ਭਾਵੇਂ ਉਹਨਾਂ ਨੂੰ ਲੱਖ ਫਿਟਕਾਰਾਂ ਪਾਵੋ, ਲਾਹਨਤਾਂ ਦਿਉ, ਪਿਆਰ ਨਾਲ ਸਮਝਾਓ, ਵੇਦਾਂ, ਸ਼ਾਸਤਰਾਂ ਅਤੇ ਧਰਮ ਗ੍ਰੰਥਾਂ ਦੇ ਉਪਦੇਸ਼ ਪਏ ਸੁਣਾਓ ਪਰ ਅਜਿਹੇ ਅਮਲੀਆਂ ਤੋਂ ਕਿਸੇ ਉੱਤਮ ਕਾਰਜ ਦੀ ਆਸ ਨਹੀਂ ਹੁੰਦੀ। ਹਾਂ ਇਹ ਆਪਣੇ ਅਮਲਾਂ ਵਿਚ ਫਸੇ ਹੋਏ ਆਪਣੇ ਘਰਾਂ ਦੀ ਅਤੇ ਜਿਸ ਅਦਾਰੇ ਵਿਚ ਵਿਚਰਦੇ ਹਨ ਗੰਦਗੀ ਫੈਲਾ ਕੇ ਸਮਾਜ ਦਾ ਬੁਰਾ ਜ਼ਰੂਰ ਕਰਦੇ ਹਨ। ਅਨੇਕਾਂ ਹੀ ਪਰਿਵਾਰ, ਘਰ, ਜ਼ਮੀਨ, ਜਾਇਦਾਦਾਂ ਇਸ ਖੋਟੀ ਮੱਤ ਅਤੇ ਜੀਭ ਦੇ ਸੁਆਦਾਂ ਦੀ ਭੇਟ ਚੜ੍ਹ ਰਹੇ ਹਨ। **"ਅਮਲੀ ਨਾ ਅਮਲ ਜਗਤ ਜਯੇ ਧਿਕਾਰ ਕੀਏ, ਦੇਖ ਦੁੱਖ ਲੋਗ ਬੇਦ ਸੁਨਤ ਛਕਤ ਹੈ ॥"** ਰਹਿਤਨਾਮਿਆਂ ਵਿਚ ਵੀ ਥਾਂ-ਥਾਂ ਇਨ੍ਹਾਂ ਭੈੜੀਆਂ ਰੁਚੀਆਂ ਨੂੰ ਤਿਆਗਣ ਲਈ ਜ਼ੋਰ ਦੇ ਕੇ ਲਿਖਿਆ ਗਿਆ ਹੈ। ਸਾਂਵਾਂ ਪੱਧਰਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਰਹਿਤਨਾਮਾ ਭਾਈ ਦਇਆ ਸਿੰਘ ਵਿਚ ਲਿਖਿਆ ਹੈ ਕਿ **"ਜੂਆ ਖੇਲੇ ਮਦ ਪੀਵੈ ਸੋ ਨਰਕ ਮੇਂ ਜਾਵੇ ॥"** ਇਸ ਤਰ੍ਹਾਂ ਇਕ ਸਿੱਖ ਨੂੰ ਸ਼ਰਾਬ, ਤੰਬਾਕੂ, ਜੂਆ, ਚੋਰੀ, ਯਾਰੀ ਆਦਿ ਵਸਤੂਆਂ ਅਤੇ ਬੁਰੀ ਸੰਗਤ ਨਾਲ ਲਗਾਓ ਨਹੀਂ ਰੱਖਣਾ ਚਾਹੀਦਾ ਅਤੇ ਤੁਰੰਤ ਤਿਆਗ ਕਰਨਾ ਚਾਹੀਦਾ ਹੈ ਕਿਉਂਕਿ ਬੁਰੀ ਸੰਗਤ ਇਨ੍ਹਾਂ ਬਿਮਾਰੀਆਂ ਦੀ ਜੜ੍ਹ ਹੈ। **"ਸ਼ਰਾਬ ਤੰਬਾਕੂ ਜੂਆ ਯਾਰੀ ਇਨ ਸੇ ਹੋਤ ਸੰਗਤ ਖੋਟੀ ਸਭ ਪਰਹਰੈ ॥"** ਇਸੇ ਤਰ੍ਹਾਂ **"ਬਾਬਾ ਹੋਰ ਖਾਣਾ ਖੁਸੀ ਖੁਆਰ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥"**

ਨਸ਼ਿਆਂ ਨੂੰ ਖਤਮ ਨਾ ਕੀਤਾ ਤਾਂ ਸਾਡਾ ਖਾਤਮਾ ਨਿਸ਼ਚਿਤ ਹੈ। ਨਸ਼ਿਆਂ ਕਾਰਨ ਜਵਾਨੀ ਵਿਚ ਮੌਤਾਂ ਹੋ ਜਾਂਦੀਆਂ ਹਨ। ਨਸ਼ਿਆਂ ਵੱਸ ਹੋ ਕੇ ਅਤੇ ਆਰਥਿਕ ਤੰਗੀ ਕਾਰਨ ਜਵਾਨ ਲੜਕੀਆਂ ਦਾ ਵਿਆਹ ਨਸ਼ੇੜੀ ਅਤੇ ਵਡੇਰੀ ਉਮਰ ਦੇ ਬੰਦਿਆਂ ਨਾਲ ਕਰਕੇ ਉਹਨਾਂ ਲੜਕੀਆਂ ਦੀ ਸਾਰੀ ਜ਼ਿੰਦਗੀ ਪਰਿਵਾਰ ਆਪ ਹੀ ਨਰਕ ਬਣਾ ਦਿੰਦੇ ਹਨ। ਇਸ ਤਰ੍ਹਾਂ ਹੋਰ ਵੀ ਬਹੁਤ ਨੁਕਸਾਨ ਸਮੇਂ-ਸਮੇਂ ਸਿਰ ਨਸ਼ਿਆਂ ਕਰਕੇ ਸਮਾਜ ਨੂੰ ਭੋਗਣੇ ਪੈਂਦੇ ਹਨ। ਕਿਸਾਨ ਅੱਜਕਲ੍ਹ ਨਸ਼ਿਆਂ ਖਾਤਰ ਬਹਾਨਾ ਬਣਾ ਕੇ ਜ਼ਮੀਨ ਤੇ ਹੋਰ ਕਾਰਣ ਬਣਾ ਕੇ ਬੈਂਕਾਂ ਤੋਂ ਕਰਜ਼ੇ ਲੈ ਕੇ ਨਸ਼ੇ ਤੇ ਖਰਚ ਕਰਕੇ ਨੁਕਸਾਨ ਉਠਾ ਰਹੇ ਹਨ।

ਭਾਰਤ ਨੂੰ ਗੁਲਾਮੀ ਦੀ ਬੇੜੀਆਂ ਤੋਂ ਮੁਕਤ ਕਰਵਾਉਣ ਲਈ ਜਿਹੜੇ ਮਹੱਤਵਪੂਰਨ ਅੰਦੋਲਨ ਹੋਏ ਉਸ ਵਿਚ ਸ਼ਰਾਬ ਦੇ ਠੇਕੇ ਬੰਦ ਕਰਵਾਉਣੇ ਅਤੇ ਵਿਦੇਸ਼ੀ ਵਸਤਾਂ ਦੀ ਹੋਲੀ ਜਲਾਉਣਾ ਸੀ। ਮਹਾਤਮਾ ਗਾਂਧੀ ਜੀ ਨੇ ਐਲਾਨ ਕੀਤਾ ਸੀ ਕਿ ਭਾਰਤ ਦੇ ਆਜ਼ਾਦ ਹੁੰਦੇ ਹੀ ਪਹਿਲਾ ਕੰਮ ਸ਼ਰਾਬ ਦਾ ਬਾਈਕਾਟ ਅਤੇ ਗਊ ਹੱਤਿਆ ਬੰਦ ਕਰਾਉਣਾ ਹੋਵੇਗਾ। ਸੁਤੰਤਰਤਾ ਸੰਗਰਾਮ ਵਿਚ ਜੂਝਣ ਵਾਲੇ ਸਾਰੇ ਮਹੱਤਵਪੂਰਨ ਨੇਤਾਵਾਂ ਨੇ ਅੰਗਰੇਜ਼ਾਂ ਦੀ ਆਬਕਾਰੀ ਨੀਤੀ ਦਾ ਰੱਜ ਕੇ ਵਿਰੋਧ ਕੀਤਾ ਸੀ ਅਤੇ ਇਸ ਵਿਚ ਔਰਤਾਂ ਦਾ ਵੀ ਕਾਫੀ ਯੋਗਦਾਨ ਸੀ। ਪਰ ਅਫ਼ਸੋਸ ਦੀ ਗੱਲ ਹੈ ਕਿ ਵੋਟਾਂ ਮੰਗ ਕੇ ਸੱਤਾ ਸੰਭਾਲਣ ਵਾਲਿਆਂ ਨੇ ਇਸ ਤੇ ਕੋਈ ਅਮਲ ਨਹੀਂ ਕੀਤਾ ਸਗੋਂ ਇਸ ਨੂੰ ਆਮਦਨ ਦਾ ਤੋਤਾ ਰਾਗ ਹੀ ਅਲਾਪਿਆ ਹੈ।

ਨਸ਼ਿਆਂ ਕਾਰਨ ਮਨੁੱਖ ਅੰਦਰ ਤਣਾਓ, ਡਰ ਅਤੇ ਸਹਿਮ ਪੈਦਾ ਹੁੰਦਾ ਹੈ। ਤਣਾਓ ਨਸ਼ਿਆਂ ਅਤੇ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਇਸ ਸਮੇਂ ਬੇਰੁਜ਼ਗਾਰਾਂ ਵਿਚ 40% ਤੋਂ ਉੱਪਰ ਨਸ਼ੇ ਨਾਲ ਗਰਕੇ ਪਏ ਹਨ ਜਿਨ੍ਹਾਂ ਵਿਚ ਅਨਪੜ੍ਹ 20% ਤੋਂ ਉੱਪਰ ਅਤੇ ਪੜ੍ਹੇ-ਲਿਖੇ ਵੀ 20% ਤੋਂ ਉੱਪਰ ਹਨ। ਵਿਦਿਆਰਥੀਆਂ ਦੀ ਗਿਣਤੀ ਵੀ 20% ਤੋਂ ਉੱਪਰ ਹੈ। ਕਾਮੇ ਅਤੇ ਪੁਲਿਸ ਵਿਚ ਵੀ 12% ਤੋਂ ਉੱਪਰ ਨਸ਼ੇ ਦਾ ਸੇਵਨ ਕਰਦੇ ਹਨ। ਬਾਕੀ ਕਿਸਾਨ, ਵਪਾਰੀ, ਅਧਿਆਪਕ ਅਤੇ ਨੌਕਰੀਪੇਸ਼ਾ 2.5 ਤੋਂ 5% ਹਨ।

ਨਸ਼ਿਆਂ ਦੇ ਪ੍ਰਚਲਿਤ ਮੁੱਖ ਕਾਰਨ ਹਨ, ਵੇਲੇ-ਕੁਵੇਲੇ ਸ਼ਰਾਬ ਪੀਣ ਦੀ ਹੀ ਕਮਜ਼ੋਰੀ ਅਤੇ ਰਾਤੋ-ਰਾਤ ਅਮੀਰ ਬਣਨ ਵਾਲੇ ਡਰੱਗਜ਼ ਮਾਫ਼ੀਏ ਵੱਲੋਂ ਆਪਣੇ ਸਵਾਰਥ ਹਿੱਤਾਂ ਲਈ ਕੀਤੀ ਜਾ ਰਹੀ ਬਾਖ਼ੂਬੀ ਵਰਤੋਂ ਹੈ। ਸਮੈਕ, ਅਫੀਮ ਅਤੇ ਹੋਰ ਨਸ਼ੀਲੇ ਪਦਾਰਥਾਂ ਅਤੇ ਹੈਰੋਇਨ ਦੀ ਬਾਹਰਲੇ ਦੇਸ਼ਾਂ ਅਤੇ ਪ੍ਰਾਂਤਾਂ ਤੋਂ ਤਸਕਰੀ, ਦਵਾਈ ਵਿਕ੍ਰੇਤਾਵਾਂ ਵੱਲੋਂ ਡਰੱਗਜ਼ ਕੰਟਰੋਲ ਐਕਟ ਤੇ ਪਹਿਰਾ ਨਾ ਦੇਣਾ, ਨੀਮ-ਹਕੀਮ ਡਾਕਟਰਾਂ ਵੱਲੋਂ ਆਪਣੀ ਰੋਜ਼ੀ-ਰੋਟੀ ਨੂੰ ਬਰਕਰਾਰ ਰੱਖਣ ਲਈ ਨਸ਼ੀਲੇ ਪਦਾਰਥ ਸਪਲਾਈ ਕਰਨਾ, ਪ੍ਰਸਾਸ਼ਕਾਂ ਵੱਲੋਂ ਆਪਣੀ ਪ੍ਰਸਾਸ਼ਨਿਕ ਮਸ਼ੀਨਰੀ ਰਾਹੀਂ ਨਸ਼ੀਲੇ ਪਦਾਰਥਾਂ ਤੇ ਕਰੜੀ ਨਿਗਰਾਨੀ ਨਾ ਰੱਖਣਾ ਅਤੇ ਨਜਾਇਜ਼ ਧੰਦਾ ਕਰਨ ਵਾਲਿਆਂ ਨਾਲ ਨਿਮਰਤਾ ਸਹਿਤ ਪੇਸ਼ ਆਉਣਾ।

ਸੋ, ਜੇ ਅਸੀਂ ਚਾਹੁੰਦੇ ਹਾਂ ਕਿ ਦੇਸ਼ ਦੇ ਮੁੰਡੇ, ਕੁੜੀਆਂ, ਬੱਚੇ, ਇਤਆਦਿ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਨ ਅਤੇ ਉਹਨਾਂ ਦਾ ਅਤੇ ਦੇਸ਼ ਦਾ ਭਵਿੱਖ ਉੱਜਲਾ ਹੋਵੇ ਤਾਂ ਸਾਨੂੰ ਸਾਰਿਆਂ ਨੂੰ ਰਲ ਕੇ ਨਸ਼ਿਆਂ ਵਿਰੁੱਧ ਤਤਪਰ ਹੋ ਕੇ ਹੰਭਲੇ ਮਾਰਨੇ ਜ਼ਰੂਰੀ ਹਨ। ਇਸ ਕੰਮ ਵਿਚ ਸਰਕਾਰ, ਆਮ ਨਾਗਰਿਕ, ਮਾਤਾ-ਪਿਤਾ ਵਿਸ਼ੇਸ਼ ਧਿਆਨ ਦੇਣ। ਸਰਕਾਰਾਂ ਨੂੰ ਇਮਾਨਦਾਰੀ ਨਾਲ ਨਸ਼ਿਆਂ ਨੂੰ ਨੱਥ ਪਾਉਣੀ ਅਤਿ ਜ਼ਰੂਰੀ ਹੈ। ਦਵਾਈਆਂ ਦੀ ਦੁਕਾਨਾਂ ਅਤੇ ਹੋਰ ਤਸ਼ਕਰਾ ਦੇ ਜਾਲ ਨੂੰ ਨੱਥ ਪਾਉਣੀ ਚਾਹੀਦੀ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਿਚ ਨਸ਼ਿਆਂ ਵਿਰੁੱਧ ਜਾਗਰੂਕਤਾ ਲਿਆ ਕੇ ਜੋ ਵੀ ਅਨਸਰ ਉਥੇ ਨਸ਼ਾ ਫੈਲਾਉਂਦੇ ਹਨ ਪੂਰੀ ਤਰ੍ਹਾਂ ਰੋਕਣਾ ਜ਼ਰੂਰੀ ਹੈ ਕਿਉਂਕਿ ਇਹੀ ਸੰਸਥਾਵਾਂ ਦੇਸ਼ ਦਾ ਭਵਿੱਖ ਹਨ। ਨਸ਼ਾ ਮੁਕਤ ਸਮਾਜ ਹੀ ਖੁਸ਼ਹਾਲ ਸਮਾਜ ਹੁੰਦਾ ਹੈ। ਤਾਹੀਓਂ ਅਸੀਂ ਇਕ ਦੂਜੇ ਦਾ ਤਨੋ-ਮਨੋ ਸਤਿਕਾਰ ਕਰ ਸਕਦੇ ਹਾਂ।

**ਆਵਹੁ ਸਜਣਾ, ਹਉ ਦੇਖਾ ਦਰਸਨ ਤੇਰਾ ਰਾਮ॥**
**ਘਰਿ ਆਪਨੜੈ ਖੜੀ ਤਕਾ, ਮੈ ਮਨਿ ਚਾਉ ਘਨੇਰਾ ਰਾਮ॥**


**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਲੁਬਾਣਾ ਸੇਵਕ

**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 53 | ਜੁਲਾਈ - 2016



| | | |
|---|---|---|
| 1. | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 5 |
| 2. | ਗੁਰੂ ਨਾਨਕ ਦੇਵ ਜੀ ਦਾ ਅੰਤਰਮਤ ਸੰਬਾਦ : ਗੋਸਟ ਮੀਆਂ ਮਿਠੇ ਦੇ... | 7 |
| 3. | ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ' | 9 |
| 4. | ਕੱਚੇ ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਦੀ ਸਾਰ ਲਈ ਜਾਵੇ | 11 |
| 5. | ਨਸ਼ੇ ਅਤੇ ਪੰਜਾਬ | 13 |
| 6. | ਮਾਰਗ-ਦਰਸ਼ਨ ਦੀ ਲੋੜ ਹੈ ਇਟਲੀ ਵਸਦੇ ਪੰਜਾਬੀ ਨੌਜਵਾਨਾਂ ਨੂੰ | 14 |
| 7. | ਪੰਜਾਬ ਦੀ ਕਿਸਾਨੀ ਨੂੰ ਸੰਕਟ ਵਿਚੋਂ ਕਿਵੇਂ ਕੱਢਿਆ ਜਾਏ? | 15 |
| 8. | (ਕਹਾਣੀ) ਜ਼ਮੀਰ ਜਿੰਦਾ ਹੈ | 17 |
| 9. | ਲਾਇਬਰੇਰੀ | 19 |
| 10. | ਸ਼ੋਕ ਸਮਾਚਾਰ | 20 |
| 11. | ਮੰਨ ਵਿਚ ਵਸੇ ਹੋਏ | 21 |
| 12. | ਅਧਿਆਪਕ ਆਗੂ ਜੋਗਿੰਦਰ ਸਿੰਘ ਅਜੈਬ ਦੀ ਸੇਵਾ ਮੁਕਤੀ ਤੇ ਵਿਸ਼ੇਸ਼ | 26 |
| 13. | ਕਾਵਿ-ਕਿਆਰੀ | 27 |
| 14. | ਸਿਹਤ ਸੰਭਾਲ | 29 |
| 15. | की जाणा मैं कौण? | 30 |
| 16. | फैशन की परिभाषा | 31 |
| 17. | For Remembering Me When I Am No More... | 32 |
| 18. | Grant of Merit-Cum Means Scholarship Scheme 2016-17 | 33-38 |
| 19. | ਦਾਨੀ ਸੱਜਣਾਂ ਦੀ ਸੂਚੀ | 39 |
| 20. | Matrimonial | 42 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਉਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ


**ਡਾ. ਰਛਪਾਲ ਸਿੰਘ ਬਾਠ**

**ਪਿੰਡ ਕੈਲੇ ਕਲਾਂ, ਡਾਕ. ਘੁੰਮਣ ਕਲਾਂ**

**ਨੁਸ਼ਹਿਰਾ ਮੱਝਾ ਸਿੰਘ**

**ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ-143518 (ਪੰਜਾਬ)**




ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਠਵੇਂ ਜੋਤਿ ਸਰੂਪ ਸਤਿਗੁਰੂ ਸਨ। ਆਪ ਜੀ ਦਾ ਜਨਮ 1656 ਈ. ਨੂੰ ਮਾਤਾ ਕਿਸ਼ਨ ਕੌਰ ਜੀ ਅਤੇ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਕੀਰਤਪੁਰ ਸਾਹਿਬ ਵਿਖੇ ਹੋਇਆ। ਬਚਪਨ ਤੋਂ ਹੀ ਆਪ ਤੀਖਣ ਬੁੱਧੀ, ਦੂਰ ਦ੍ਰਿਸ਼ਟੀ ਅਤੇ ਪ੍ਰਭੂ ਰੰਗ ਵਿਚ ਭਿੱਜੀ ਹੋਈ ਸ਼ਖ਼ਸ਼ੀਅਤ ਦੇ ਮਾਲਕ ਸਨ। ਗੁਰੂ-ਪਿਤਾ ਦੀ ਸੰਗਤ ਵਿਚ ਹੀ ਆਪ ਜੀ ਸੰਗਤਾਂ ਲਈ ਲੰਗਰ ਛਕਾਉਣ ਅਤੇ ਹੋਰ ਸੇਵਾ ਵਿਚ ਲੱਗੇ ਰਹਿੰਦੇ ਸਨ। ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੇ ਜਦੋਂ ਦਿੱਲੀ ਵਿਖੇ ਔਰੰਗਜ਼ੇਬ ਦੀਆਂ ਗੱਲਾਂ ਅਤੇ ਪ੍ਰਭਾਵ ਹੇਠ ਆਣ ਕੇ ਇਹ ਕਹਿ ਦਿੱਤਾ ਕਿ ਗੁਰਬਾਣੀ ਵਿਚ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ"॥ ਗਲਤੀ ਨਾਲ ਲਿਖਿਆ ਗਿਆ ਹੈ, ਸਗੋਂ ਇਸ ਤੁਕ ਵਿਚ 'ਮੁਸਲਮਾਨ' ਦੀ ਥਾਂ ਤੇ 'ਬੇਈਮਾਨ' ਹੈ। ਅਰਥਾਤ ਰਾਮ ਰਾਏ ਨੇ ਗੁਰਬਾਣੀ ਦੀ ਇਸ ਤੁਕ ਦਾ ਉਚਾਰਣ ਇਸ ਤਰ੍ਹਾਂ ਕੀਤਾ ਸੀ –

**"ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ"॥**

ਇਸ ਨਾਲ ਔਰੰਗਜ਼ੇਬ ਦੀ ਤਾਂ ਭਾਵੇਂ ਤਸੱਲੀ ਹੋ ਗਈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਧੁਰ ਕੀ ਬਾਣੀ' ਵਿਚ ਤਬਦੀਲੀ ਕਰਨਾ ਅਜਿਹਾ ਬੱਜਰ ਗੁਨਾਹ ਸੀ ਜੋ ਬਖ਼ਸ਼ਿਆ ਨਹੀਂ ਸੀ ਜਾ ਸਕਦਾ। ਗੁਰੂ ਹਰਿ ਰਾਏ ਸਾਹਿਬ ਨੇ ਰਾਮ ਰਾਏ ਨੂੰ ਇਹ ਕਹਿ ਦਿੱਤਾ ਕਿ 'ਉਹ ਸਾਡੇ ਮੱਥੇ ਨਾ ਲੱਗੇ'। ਇਹ ਕਾਰਨ ਸੀ ਜਿਸ ਕਰਕੇ ਗੁਰਗੱਦੀ ਨਾ ਮਿਲ ਸਕੀ ਅਤੇ ਉਸ ਦੀ ਥਾਂ ਤੇ 'ਸ੍ਰੀ ਹਰਿ ਕ੍ਰਿਸ਼ਨ ਸਾਹਿਬ' ਨੂੰ ਸਵਾ ਪੰਜ ਸਾਲ ਦੀ ਉਮਰ ਵਿਚ ਗੁਰਗੱਦੀ ਦੀ ਬਖਸ਼ਿਸ਼ ਪ੍ਰਾਪਤ ਹੋ ਗਈ।

'ਤਖਤੈ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ'। ਗੁਰਬਾਣੀ ਦੇ ਮਹਾਨ ਵਾਕ ਅਨੁਸਾਰ ਗੁਰਗੱਦੀ ਦੀ ਬਖ਼ਸ਼ਿਸ਼ ਤਾਂ ਧੁਰ ਦਰਗਾਹੋ ਹੈ। ਇਸ ਦਾ ਸਬੰਧ ਵਿਅਕਤੀ ਦੀ ਉਮਰ ਨਾਲ ਵੀ ਨਹੀਂ ਹੈ। ਸ੍ਰੀ ਗੁਰੂ ਅਮਰਦਾਸ ਜੀ ਨੂੰ ਸਭ ਤੋਂ ਵੱਡੀ ਉਮਰ (72 ਸਾਲ) ਵਿਚ ਅਤੇ ਸਭ ਤੋਂ ਛੋਟੀ ਉਮਰ (ਸਵਾ ਪੰਜ ਸਾਲ) ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਅਮੋਲਕ ਦਾਤ ਪ੍ਰਾਪਤ ਹੋਈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਉਮਰ ਭਾਵੇਂ ਛੋਟੀ ਸੀ ਪਰ 'ਜੋਤਿ' ਅਤੇ 'ਜੁਗਤਿ' ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਹੀ ਸੀ। ਸਿੱਖ ਸੰਗਤਾਂ ਦੀ ਅਗਵਾਈ ਕਰਨ ਵਿਚ ਗੁਰੂ ਜੀ ਵੱਲੋਂ ਕਦੇ ਵੀ ਢਿੱਲ ਮੱਠ ਨਾ ਆਈ। ਹਰ ਰੋਜ਼ ਕੀਰਤਨ ਦਰਬਾਰ ਸੱਜਦੇ। ਗੁਰੂ ਜੀ ਨਿਤਾਪ੍ਰਤੀ ਅੰਮ੍ਰਿਤ ਵੇਲੇ ਉਠਦੇ। ਨਾਮ ਸਿਮਰਨ ਵਿਚ ਆਪ ਜੀ ਦੀਅ ਡੋਲੀ ਬਰਤੀਲ ਮਾਸ ਮਾਂਜ_ੜੀ ਰਹਿੰਦੀ ਸੀ। ਗੁਰਬਾਣੀ ਦੇ ਨਿਤਨੇਮ ਦਾ ਪਾਠ ਆਪ ਜੀ ਦਾ ਬਹੁਤ ਪ੍ਰਪੱਕ ਸੀ। ਹਰ ਰੋਜ਼ ਗੁਰੂ ਦਰਬਾਰ ਦੇ ਨਾਲ-ਨਾਲ ਅਤੁੱਟ ਲੰਗਰ ਵੀ ਵਰਤਦਾ ਸੀ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਦਰਬਾਰ ਦੀ ਸੁੰਦਰਤਾ ਦੀ ਝਲਕ ਇਸ ਪ੍ਰਕਾਰ ਸੀ–

"ਕੀਰਤਨ-ਕਥਾ ਉਪਰੰਤ ਗੁਰੂ ਦਰਬਾਰ ਸੱਜਦਾ। ਗੁਰੂ ਸਾਹਿਬ ਦੇ ਸਿਰ ਉੱਪਰ ਝਾਲਰਾਂ ਵਾਲਾ, ਸੁੰਦਰ ਮਖਮਲੀ ਚੰਦੋਆ ਸਾਹਿਬ ਸ਼ੋਭਾ ਪਾਉਂਦਾ ਸੀ। ਖੱਬੇ ਪਾਸੇ ਸਿੱਖ-ਯੋਧੇ ਬੈਠਦੇ ਸਨ। ਘੋੜ ਸਵਾਰ ਵੱਖ-ਵੱਖ ਥਾਵਾਂ ਤੇ ਪਹਿਰਾ ਦਿੰਦੇ ਸਨ, ਸੰਗਤਾਂ ਦੁਆਰਾ ਲਿਆਂਦੀਆਂ ਰਸਦਾ ਲੰਗਰ ਵਿਚ ਵਰਤਦੀਆਂ ਸਨ ਅਤੇ ਮਾਇਆ ਪਦਾਰਥ ਆਦਿ ਲੋੜਵੰਦਾਂ ਵਿਚ ਵੰਡ ਦਿੱਤੇ ਜਾਂਦੇ ਸਨ। ਗੁਰੂ ਸਾਹਿਬ ਜੀ ਖੁਦ ਬ੍ਰਹਮ ਗਿਆਨ ਦੀ ਰੱਬੀ ਮੂਰਤ ਸਨ। ਸੁੰਦਰ ਚਿਹਰਾ ਸੀ। ਗੁਰੂ ਦਰਬਾਰ ਦੀ ਸੁੰਦਰਤਾ, ਦੁਨਿਆਵੀ ਬਾਦਸ਼ਾਹਾਂ ਨਾਲੋਂ ਕਿਤੇ ਵੱਧ ਸੀ। ਇਥੇ ਬੈਠ ਕੇ ਹਰ ਕੋਈ ਸ਼ਾਂਤ ਮਨ ਨਾਲ ਪ੍ਰਭੂ-ਰੰਗ ਵਿਚ ਰੰਗਿਆ ਜਾਂਦਾ ਸੀ।"

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰ ਤੇ ਜੋ ਵੀ ਆਇਆ ਮਨ ਵਾਂਛਤ ਫਲ ਪ੍ਰਾਪਤ ਕਰਕੇ ਹੀ ਗਿਆ। ਜੇਕਰ ਕੋਈ ਖੋਟੀ ਨੀਅਤ ਵਾਲਾ ਆਇਆ ਤਾਂ ਗੁਰੂ ਸਾਹਿਬ ਦੀ ਪਾਰਸ ਛੁਹ ਨੇ 'ਸਤਿਗੁਰੂ ਖੋਟਿਅਹੁੰ ਖਰੇ ਕਰੇ', ਉਸ ਨੂੰ ਵੀ ਖਰਾ ਕਰ ਦਿੱਤਾ। ਉਦਾਹਰਣ ਵਜੋਂ ਜਸਵੰਤ ਰਾਏ ਨਾਮ ਦਾ ਵਿਅਕਤੀ ਗੁਰੂ ਦਰਬਾਰ ਵਿਚ ਚੋਰੀ ਕਰਨ ਅਤੇ ਸੰਗਤਾਂ ਦੀਆਂ ਜੇਬ੍ਹਾਂ ਕੱਟਣ ਦੇ ਇਰਾਦੇ ਨਾਲ ਆਇਆ ਸੀ। ਜਿਉਂ ਹੀ ਉਸ ਨੇ ਗੁਰੂ ਜੀ ਦੇ ਸਨਮੁੱਖ ਆ ਕੇ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਫੁਰਮਾਨ

ਕੀਤਾ, 'ਚੋਰ ਕੀ ਹਾਮਾ ਭਰੈ ਨਾ ਕੋਇ॥ ਚੋਰੁ ਕੀਆ ਚੰਗਾ ਕਿਉਂ ਹੋਇ॥" (ਅੰਗ 662)। ਇਹ ਬਚਨ ਸੁਣਦੇ ਸਾਰ ਹੀ ਜਸਵੰਤ ਰਾਏ ਦੇ ਪਾਪ ਕੰਬ ਗਏ। ਉਸ ਨੇ ਆਪਣੀ ਮੰਦੀ ਸੋਚ ਅਤੇ ਖੋਟੀ ਨੀਅਤ ਲਈ ਗੁਰੂ ਜੀ ਪਾਸੋਂ ਮਾਫੀ ਮੰਗੀ। ਇਸੇ ਪ੍ਰਕਾਰ ਰੋਪੜ ਦਾ ਵਸਨੀਕ, ਇਕ ਵੱਡਾ ਸ਼ਾਹੂਕਾਰ ਰਾਜਾ ਰਾਮ ਸੀ, ਜੋ ਲੜਕੀਆਂ ਨੂੰ ਜੰਮਦੇ ਸਾਰ ਹੀ ਮਾਰ ਦਿੰਦਾ ਸੀ। ਜਦ ਉਹ ਕੀਰਤਪੁਰ ਸਾਹਿਬ ਵਿਖੇ ਗੁਰੂ-ਦਰਬਾਰ ਵਿਚ ਪੁੱਜਾ ਤਾਂ ਗੁਰੂ ਜੀ ਨੇ ਉਸ ਨੂੰ ਸੰਗਤ ਵਿਚ ਨਾ ਵੜਨ ਦਿੱਤਾ। ਉਸ ਨੇ ਬੜੀਆਂ ਤਰਲੇ ਮਿੰਨਤਾਂ ਕੀਤੀਆਂ ਅਤੇ ਨਿਮਾਣੇ ਹੋ ਕੇ ਗੁਰੂ ਦਰਬਾਰ ਵਿਚ ਅਰਦਾਸ ਕੀਤੀ। ਅੱਗੇ ਤੋਂ ਲੜਕੀਆਂ ਮਾਰਨ ਦੇ ਮੰਦੇ ਕਰਨ ਤੋਂ ਕੰਨ ਫੜ ਕੇ ਤੋਬਾ ਕੀਤੀ ਅਤੇ ਸਦਾ ਲਈ ਗੁਰੂ ਘਰ ਦਾ ਸਿੱਖ ਬਣ ਗਿਆ। ਇਸੇ ਪ੍ਰਕਾਰ ਇਕ ਮਾਨਸਿਕ ਰੋਗੀ ਗੁਰੂ ਦਰਬਾਰ ਵਿਚ ਆਣ ਕੇ ਕਹਿਣ ਲੱਗਾ, "ਮੈਨੂੰ ਚਿੰਤਾ ਰਹਿੰਦੀ ਹੈ, ਹਰ ਵੇਲੇ ਮਨ ਉਦਾਸ ਰਹਿੰਦਾ ਹੈ, ਕਦੇ ਵੀ ਸ਼ਾਂਤੀ ਨਹੀਂ ਮਿਲਦੀ।" ਗੁਰੂ ਜੀ ਨੇ ਉਸ ਨੂੰ ਉਪਦੇਸ਼ ਕੀਤਾ "ਕੇਸ ਰੱਖੋ, ਕੇਸ ਨਾ ਕਟਵਾਉ, ਗੁਰਬਾਣੀ ਪੜ੍ਹੋ ਅਤੇ ਨਾਮ ਸਿਮਰਨ ਕਰਦੇ ਰਹੋ।" ਗੁਰੂ ਉਪਦੇਸ਼ ਨਾਲ ਉਸ ਦੇ ਸਾਰੇ ਰੋਗ ਖੰਡਤ ਹੋ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਮਹਿਮਾ ਬੇਅੰਤ ਹੈ। ਆਪ ਜੀ ਨੇ ਬੇਅੰਤ ਵਿਅਕਤੀਆਂ ਨੂੰ ਮਨਮੁਖਤਾ ਵੱਲੋਂ ਹਟਾ ਕੇ ਗੁਰਮਤਿ ਮਾਰਗ ਨਾਲ ਜੋੜਿਆ। ਜਿਵੇਂ ਨੰਦ ਚੰਦ ਨੂੰ ਵੇਸਵਾਪੁਣਾ ਤਿਆਗ ਕੇ, ਗੁਰਸਿੱਖਾਂ ਵਾਲਾ ਜੀਵਨ ਜਿਉਣ ਲਈ ਤਤਪਰ ਕੀਤਾ। ਜੰਜੀਆ ਨਾਮ ਦੇ ਵਿਅਕਤੀ ਨੂੰ ਤੰਬਾਕੂ ਨਾ ਖਾਣ ਦਾ ਉਪਦੇਸ਼ ਕੀਤਾ। ਪੰਜੋਖਰਾ ਨਾਮ ਦੇ ਸਥਾਨ ਤੇ ਇਕ ਪੰਡਤ ਜਿਸ ਦਾ ਨਾਮ ਲਾਲ ਚੰਦ ਸੀ ਅਤੇ ਉੱਚੀ ਬ੍ਰਾਹਮਣ ਜਾਤੀ ਦੇ ਹੰਕਾਰ ਵਿਚ ਗ੍ਰਸਿਆ ਹੋਇਆ ਸੀ। ਉਸ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ 7-8 ਸਾਲ ਦਾ ਬੱਚਾ ਆਪਣੇ ਆਪ ਨੂੰ 'ਗੁਰੂ ਹਰਿਕ੍ਰਿਸ਼ਨ' ਅਖਵਾਉਂਦਾ ਹੈ। ਕ੍ਰਿਸ਼ਨ ਭਗਵਾਨ ਜੀ ਨੇ ਤਾਂ ਗੀਤਾ ਜੀ ਦਾ ਉਚਾਰਣ ਕੀਤਾ ਸੀ ਪਰ ਇਹ ਉਸ ਤੋਂ ਵੀ ਅਗਾਂਹ 'ਹਰਿਕ੍ਰਿਸ਼ਨ' ਅਖਵਾਉਂਦਾ ਹੈ। ਜੇਕਰ ਇਸ ਵਿਚ ਏਨੀ ਯੋਗਤਾ ਹੈ ਤਾਂ ਉਸ ਨੂੰ ਆਖੋ ਕਿ ਉਹ ਗੀਤਾ ਜੀ ਦੇ ਅਰਥ ਕਰਕੇ ਦੱਸਣ। ਗੁਰੂ ਸਾਹਿਬ ਨੇ ਪੰਡਤ ਲਾਲ ਚੰਦ ਨੂੰ ਸਮਝਾਇਆ ਕਿ "ਜੇਕਰ ਮੈਂ ਅਰਥ ਕਰ ਦਿੱਤੇ ਤਾਂ ਵੀ ਤੇਰੇ ਮਨ ਦੀ ਸੰਤੁਸ਼ਟੀ ਨਹੀਂ ਹੋਣੀ। ਜੇਕਰ ਤੂੰ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀਆਂ ਬਖਸ਼ਿਸ਼ਾਂ ਵੇਖਣੀਆਂ ਹੀ ਹਨ ਤਾਂ ਤੇਰੇ ਸ਼ਹਿਰ ਵਿਚ, ਜੋ ਵਿਅਕਤੀ ਸਭ ਤੋਂ ਵੱਡਾ ਮੂਰਖ (ਬੁੱਧੂ) ਹੈ, ਉਸ ਨੂੰ ਲੈ ਆ। ਉਹ ਤੇਰੇ ਸਾਰੇ ਪ੍ਰਸ਼ਨਾਂ ਦਾ ਉੱਤਰ ਦੇਵੇਗਾ।" ਪੰਡਤ ਲਾਲ ਚੰਦ ਨੇ ਇਸ ਵਿਚ ਆਪਣੀ ਹੇਠੀ ਸਮਝੀ। ਉਸ ਨੇ ਇਕ ਗੂੰਗੇ ਮੂਰਖ ਵਿਅਕਤੀ, ਜੋ ਜਾਤੀ ਦਾ ਝਿਊਰ ਸੀ, ਨੂੰ ਗੁਰੂ ਜੀ ਸਾਹਮਣੇ ਪੇਸ਼ ਕਰ ਦਿੱਤਾ। ਬਾਲ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ 'ਛੱਜੂ ਝਿਊਰ' ਵੱਲ ਨੇਤਰ ਭਰ ਕੇ ਵੇਖਿਆ। ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਐਸੀ ਬਖਸ਼ਿਸ਼ ਹੋਈ। ਕੁਝ ਵਿਦਵਾਨ ਆਖਦੇ ਹਨ ਕਿ ਗੁਰੂ ਜੀ ਨੇ ਇਕ ਸੋਟੀ ਛੱਜੂ ਦੇ ਸਿਰ ਤੇ ਰੱਖੀ ਸੀ। ਚਾਹੇ ਸਿਰ ਤੇ ਸੋਟੀ ਸੀ ਜਾਂ ਨੇਤਰਾਂ ਦੀ ਬਖਸ਼ਿਸ਼ ਸੀ ਪਰ ਹੈ ਤਾਂ ਗੁਰੂ ਮਿਹਰ ਦਾ ਹੱਥ ਹੀ ਸੀ, ਛੱਜੂ ਦੇ ਸਿਰ ਉੱਪਰ। ਗੁਰੂ ਮਿਹਰ ਨਾਲ ਛੱਜੂ-ਮੂਰਖ ਗਿਆਨਵਾਨ ਪੰਡਤਾਂ ਵਾਂਗ ਗੀਤਾ ਜੀ ਦੇ ਸ਼ਲੋਕਾਂ ਦੇ ਅਰਥ ਕਰਕੇ ਦੱਸਣ ਲੱਗ ਪਿਆ। ਲੋਕ ਹੈਰਾਨ ਰਹਿ ਗਏ। ਗੁਰੂ ਸਾਹਿਬ ਦੇ ਦਰਬਾਰ ਦੀ ਮਹਿਮਾ ਹੋਰ ਵੀ ਵੱਧ ਗਈ। ਹੰਕਾਰੀ ਪੰਡਤ ਨੇ ਬਾਲ ਗੁਰੂ ਹਰਿ ਕ੍ਰਿਸ਼ਨ ਜੀ ਤੋਂ ਮੁਆਫ਼ੀ ਮੰਗੀ।

ਗੁਰੂ ਜੀ ਜਦੋਂ ਦਿੱਲੀ ਪਹੁੰਚੀ ਤਾਂ ਰਾਜਾ ਜੈ ਸਿੰਘ ਦੀ ਰਾਣੀ ਨੇ, ਗੁਰੂ ਜੀ ਦੀ ਪ੍ਰਖ ਕਰਨ ਲਈ ਆਪਣੇ ਮਨ ਵਿਚ ਇੱਛਾ ਜਾਹਰ ਕੀਤੀ ਕਿ "ਜੇਕਰ ਇਹ ਸੱਚਾ ਗੁਰੂ ਅੰਤਰਜਾਮੀ ਹੈ ਤਾਂ ਮੇਰੇ ਮਹੱਲਾਂ ਵਿਚ ਆ ਕੇ, ਮੇਰੀ ਗੋਦੀ ਵਿਚ ਬੈਠੇ।" ਬਹੁਤ ਸਾਰੀਆਂ ਹੋਰ ਅਮੀਰ ਔਰਤਾਂ ਨੂੰ ਰਾਣੀ ਨੇ ਸਦ ਬੁਲਾ ਕੇ, ਆਪਣੇ ਵਰਗੇ ਕੱਪੜੇ ਹੀ ਉਨ੍ਹਾਂ ਨੂੰ ਪੁਵਾ ਕੇ, ਆਪਣੇ ਕੋਲ ਬਿਠਾ ਲਿਆ। ਘਟ-ਘਟ ਦੇ ਜਾਨਣਹਾਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਮੁਸਕਰਾਉਂਦੇ ਹੋਏ, ਅਡੋਰ ਹੀ ਰਾਣੀ ਦੀ ਗੋਦੀ ਵਿਚ ਜਾ ਕੇ ਬੈਠ ਗਏ। ਜਿਸ ਨਾਲ ਗੁਰੂ ਘਰ ਦੀ ਸ਼ੋਭਾ ਹੋਰ ਵੀ ਵੱਧ ਗਈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨਿਰਭੈ ਅਤੇ ਨਿਰਵੈਰ ਸਨ। ਔਰੰਗਜ਼ੇਬ ਵੱਲੋਂ ਦਿੱਲੀ ਵਿਖੇ, ਗੁਰੂ ਜੀ ਨੂੰ ਕਈ ਸੁਨੇਹੇ ਭੇਜੇ ਗਏ ਪਰ ਗੁਰੂ ਜੀ ਔਰੰਗਜ਼ੇਬ ਦੇ ਕੋਲ ਨਾ ਗਏ। ਆਪ ਜੀ ਨੇ ਬਚਨ ਕੀਤਾ, "ਔਰੰਗਜ਼ੇਬ ਅੱਤਿਆਚਰ ਕਰ ਰਿਹਾ ਹੈ। ਅਸੀਂ ਉਸ ਦੇ ਮੱਥੇ ਨਹੀਂ ਲੱਗਣਾ।" ਔਰੰਗਜ਼ੇਬ ਵੱਲੋਂ ਭੇਜੀਆਂ ਹੋਈਆਂ ਵਸਤਾਂ ਵੀ ਗੁਰੂ ਜੀ ਨੇ ਵਾਪਸ ਕਰ ਦਿੱਤੀਆਂ।

ਉਨ੍ਹੀਂ ਦਿਨੀਂ ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਨੇ ਇਸ ਮਹਾਂਮਾਰੀ ਦੇ ਰੋਗੀਆਂ ਦੀ ਸੇਵਾ ਲਈ ਸਖ਼ਤ ਘਾਲਣਾ ਘਾਲੀ। ਉਦੋਂ ਗੁਰੂ ਜੀ ਦੀ ਉਮਰ ਮਸਾਂ 7 ਸਾਲ 9 ਮਹੀਨੇ ਦੀ ਹੀ ਸੀ, ਜਦੋਂ ਚੇਚਕ ਨੇ ਆਪ ਜੀ ਤੇ ਵੀ ਹਮਲਾ ਕਰ ਦਿੱਤਾ। ਆਪ ਜੀ ਨੂੰ ਤੇਜ਼ ਬੁਖਾਰ ਹੋ ਗਿਆ। ਸਾਰੇ ਸਰੀਰ ਤੇ ਛਾਲੇ ਛਾਲੇ ਹੋ ਗਏ। ਆਪਣਾ ਅੰਤ ਸਮਾਂ ਨੇੜੇ ਜਾਣ ਕੇ ਗੁਰੂ ਜੀ ਨੇ, ਰਾਜਾ ਜੈ ਸਿੰਘ ਦਾ ਮਹੱਲ ਛੱਡ ਦਿੱਤਾ ਅਤੇ ਸੰਗਤਾਂ ਸਮੇਤ ਜਮੁਨਾ ਨਦੀ ਦੇ ਕੰਢੇ (ਦਿੱਲੀ) ਆ ਕੇ ਡੇਰਾ ਲਾ ਲਿਆ। ਸਭ ਸੰਗਤਾਂ ਨੂੰ ਗੁਰੂ ਜੀ ਨੇ ਗੁਰਬਾਣੀ ਅਨੁਸਾਰ ਜੀਵਨ ਜਿਉਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਲੈ ਕੇ ਸੰਗਤ ਨੂੰ ਹੁਕਮ ਕੀਤਾ 'ਬਾਬਾ ਬਕਾਲੇ'। ਜਿਸ ਦਾ ਭਾਵ ਸੀ ਕਿ ਅਗਲਾ ਗੁਰੂ ਬਾਬਾ - ਬਾਬੇ ਬਕਾਲੇ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੈ। ਇਹ ਸੰਕੇਤ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਸੀ।

30 ਮਾਰਚ 1664 ਈ. ਨੂੰ ਦਿੱਲੀ ਵਿਖੇ ਜਮੁਨਾ ਨਦੀ ਦੇ ਕੰਢੇ, ਗੁਰੂ ਜੀ ਜੋਤਿ ਨਾਲ ਜੋਤਿ ਮਿਲਾ ਗਏ। ਇਸ ਵੇਲੇ ਇਥੇ ਸੁੰਦਰ ਗੁਰਦੁਆਰਾ 'ਸ੍ਰੀ ਬਾਲਾ ਸਾਹਿਬ' ਸੁਸ਼ੋਭਿਤ ਹੈ।

ਨਿਰਸੰਦੇਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨਿਰੰਕਾਰੀ ਜੋਤਿ ਸਨ। ਨਿਰਭਉ ਸਨ, ਨਿਰਵੈਰ ਸਨ। ਅੰਤਰਯਾਮੀ ਸਨ। ਗਰੀਬਾਂ, ਰੋਗੀਆਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਆਪ ਜੀ ਸਦਾ ਹੀ ਤਤਪਰ ਰਹਿੰਦੇ ਸਨ। ਬੁਲਾਵੇ ਦੇ ਬਾਵਜੂਦ ਆਪ ਜੀ, ਉਸ ਸਮੇਂ ਦੇ ਸ਼ਕਤੀਸ਼ਾਲੀ ਬਾਦਸ਼ਾਹ ਔਰੰਗਜ਼ੇਬ ਦੇ ਮੱਥੇ ਨਾ ਲੱਗੇ। ਆਪ ਨੇ ਸਦਾ ਹੀ ਉਸ ਨੂੰ ਮਿਲਣਾ ਤੋਂ ਇਨਕਾਰ ਕੀਤਾ।

ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਦਰ ਉੱਪਰ ਦੁਨੀਆਂ ਦੀਆਂ ਸਾਰੀਆਂ ਤਾਕਤਾਂ ਹੱਥ ਜੋੜ ਕੇ ਖੜ੍ਹੀਆਂ ਹਨ। ਸਾਰੀਆਂ ਰੱਬੀ ਬਖ਼ਸ਼ਿਸ਼ਾਂ ਦੇ ਮਾਲਕ ਗੁਰੂ ਸਾਹਿਬ ਜੀ ਹਨ। ਪਾਤਾਲਾਂ ਤੋਂ ਆਕਾਸ਼ ਤੱਕ ਸਾਰੇ ਹੀ ਉਨ੍ਹਾਂ ਦੇ ਹੁਕਮ ਵਿਚ ਹਨ। ਉਨ੍ਹਾਂ ਦੀ ਕ੍ਰਿਪਾ ਨਾਲ ਲੋਕ-ਪ੍ਰਲੋਕ ਸੰਵਰ ਜਾਂਦੇ ਹਨ।

**ਹਮਰ ਸਾਇਲ ਲੁਤਫਿ ਹਰ ਬਰਦਰਸ।**
**ਜਮੀਨੋਂ ਜਮਾਂ ਜੁਮਲਹ ਫਰਮਾਬਰਸ।**
**ਤੁਫੈਲਸ ਦੂ ਆਲਮ ਬਨਦ ਕਾਮਯਾਬ।**
**ਅਜੋ ਗਸਤਗਹ ਹਰ ਜਰੱਗ ਖੁਰਸੀਦੀ ਦੇ ਤਾਬ।**

**(ਭਾਈ ਨੰਦ ਲਾਲ ਜੀ, 95-96)**

# ਗੁਰੂ ਨਾਨਕ ਦੇਵ ਜੀ ਦਾ ਅੰਤਰਮਤ ਸੰਬਾਦ : ਗੋਸਟ ਮੀਆਂ ਮਿਠੇ ਦੇ ਸੰਦਰਭ ਵਿੱਚ

**ਜਸਵਿੰਦਰ ਸਿੰਘ***

ਮੀਆਂ ਮਿਠਾ ਇੱਕ ਪ੍ਰਸਿੱਧ ਸੂਫੀ ਮੁਸਲਮਾਨ ਫਕੀਰ ਸੀ। ਉਸ ਨੂੰ ਲੋਕ ਕਰਮਾਤੀ ਵੀ ਮੰਨਦੇ ਸਨ। ਉਸਦੇ ਨੇੜੇ ਦੇ ਵਸਨੀਕ ਲੋਕ ਮੀਆਂ ਮਿਠਾ ਤੋਂ ਬੜਾ ਭੈ ਖਾਂਦੇ ਸਨ। ਕਈ ਹਿੰਦੂ ਨੌਜਵਾਨਾਂ ਨੇ ਮੀਆਂ ਮਿਠੇ ਦੇ ਅਸਰ ਹੇਠ ਆ ਕੇ ਆਪਣਾ ਧਰਮ ਛੱਡ ਕੇ ਇਸਲਾਮ ਧਰਮ ਕਬੂਲ ਕਰ ਲਿਆ ਸੀ। ਉਹ ਦਿਲ ਦਾ ਬਹੁਤ ਖੁਸ਼ਕ ਤੇ ਸੁਖਣਾ ਸੀ। ਮੀਆਂ ਮਿਠਾ ਪਿਆਰ ਅਤੇ ਇਨਸਾਨੀ ਹਮਦਰਦੀ ਤੋਂ ਖਾਲੀ ਸੀ। ਵਿਦਵਾਨਾਂ ਦਾ ਮੰਨਣਾ ਹੈ ਕਿ ਮਿਠਨਕੋਟ ਰਹਿਣ ਕਰਕੇ ਉਸਦਾ ਨਾਮ ਮੀਆਂ ਮਿਠਾ ਪਿਆ।[1] ਭਾਈ ਕਾਹਨ ਸਿੰਘ ਦਾ ਵੀ ਇਹੋ ਮੰਨਣਾ ਹੈ ਕਿ ਮਿਠਨਕੋਟ (ਡੇਰਾ ਗਾਜੀ ਖਾਂ ਦੇ ਇਲਾਕੇ ਦਾ) ਵਸਨੀਕ ਹੋਣ ਕਾਰਨ ਉਸ ਨੂੰ ਮੀਆਂ ਮਿਠਾ ਆਖਿਆ ਜਾਦਾਂ ਸੀ।[2] ਪਰ ਉਸਦਾ ਅਸਲੀ ਨਾਮ ਸਾਖੀਆਂ ਵਿੱਚ ਕਿਤੇ ਵੀ ਦੇਖਣ ਨੂੰ ਨਹੀਂ ਮਿਲਦਾ। ਮੀਆਂ ਸ਼ਬਦ ਇਸਲਾਮੀ ਧਰਮ ਵਿੱਚ ਇੱਕ ਆਦਰਸੂਚਕ ਸ਼ਬਦ ਮੰਨਿਆ ਜਾਂਦਾ ਹੈ।[3] ਮੀਆਂ ਮਿਠਾ ਦੀ ਗੋਸਟ ਨਾਲ ਸੰਬੰਧਿਤ ਸਾਨੂੰ ਬਹੁਤ ਸਾਰੀ ਸਮੱਗਰੀ ਪ੍ਰਾਪਤ ਮਿਲਦੀ ਹੈ। ਬਹੁਤ ਸਾਰੇ ਵਿਦਵਾਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਮੀਆਂ ਮਿਠੇ ਦੀ ਗੁਰੂ ਨਾਨਕ ਸਾਹਿਬ ਨਾਲ ਵਾਰਤਾਲਾਪ ਦਾ ਜ਼ਿਕਰ ਕੀਤਾ ਹੈ। ਜਿੰਨ੍ਹਾਂ ਵਿੱਚ ਪਿਆਰ ਸਿੰਘ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ), ਭਾਈ ਵੀਰ ਸਿੰਘ (ਸ੍ਰੀ ਗੁਰੂ ਨਾਨਕ ਚਮਤਕਾਰ), ਸੇਵਾ ਸਿੰਘ ਸੇਵਕ (ਪ੍ਰਾਚੀਨ ਜਨਮਸਾਖੀ), ਕਿਰਪਾਲ ਸਿੰਘ (ਜਨਮ ਸਾਖੀ ਪਰੰਪਰਾ), ਕਰਤਾਰ ਸਿੰਘ (ਜੀਵਨ ਕਥਾ ਸ੍ਰੀ ਗੁਰੂ ਨਾਨਕ ਦੇਵ ਜੀ), ਭਾਈ ਵੀਰ ਸਿੰਘ (ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ), ਆਦਿ ਹਨ। ਪਿਆਰ ਸਿੰਘ ਦੀ ਰਚਨਾ "ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ" ਵਿੱਚ ਗੁਰੂ ਨਾਨਕ ਸਾਹਿਬ ਦੀ ਗੋਸਟ ਅਬਦੁਲ ਰਹਮਾਨ ਨਾਲ ਮੰਨੀ ਗਈ ਹੈ।[4] ਕਰਤਾਰ ਸਿੰਘ ਆਪਣੀ ਰਚਨਾ 'ਜੀਵਨ ਕਥਾ ਗੁਰੂ ਨਾਨਕ ਦੇਵ ਜੀ' ਵਿੱਚ ਲਿਖਦਾ ਹੈ ਕਿ ਅਬਦੁਲ ਰਹਿਮਾਨ, ਮੀਆਂ ਮਿਠੇ ਦਾ ਮੁਰਸ਼ਿਦ ਸੀ।[5] ਪਰ ਕਈ ਥਾਵਾਂ ਤੇ ਇਸ ਤਰ੍ਹਾਂ ਮੰਨਿਆ ਗਿਆ ਹੈ ਕਿ ਮੀਆਂ ਮਿਠਾ, ਅਬਦੁਲ ਰਹਮਾਨ ਦਾ ਮੁਰਸ਼ਿਦ ਸੀ।[6] ਮੀਆਂ ਮਿਠੇ ਦੀ ਜੋ ਵਾਰਤਾਲਾਪ ਗੁਰੂ ਨਾਨਕ ਸਾਹਿਬ ਨਾਲ ਹੋਈ, ਉਸਦਾ ਜ਼ਿਕਰ ਨਿਮਨ ਲਿਖਤ ਹੈ।

ਮੀਆਂ ਮਿਠੇ ਦੇ ਚੇਲਿਆਂ ਨੂੰ ਜਦੋਂ ਪਤਾ ਲੱਗਾ ਕਿ ਇਸ ਨਗਰ ਵਿੱਚ ਇੱਕ ਸੂਫੀ ਫਕੀਰ ਆਇਆ ਹੈ। ਜਿਸਦਾ ਨਾਮ ਬਾਬਾ ਨਾਨਕ ਹੈ ਤਾਂ ਮੀਆਂ ਮਿਠੇ ਦੇ ਸਾਰੇ ਚੇਲੇ ਬਾਬਾ ਜੀ ਦੀ ਕਥਾ ਸੁਣਨ ਜਾਇਆ ਕਰਦੇ ਸਨ। ਜਦੋਂ ਇਸ ਗੱਲ ਦਾ ਮੀਆਂ ਮਿਠੇ ਨੂੰ ਪਤਾ ਲੱਗਾ ਕਿ ਮੇਰੇ ਚੇਲੇ ਉਸ ਫਕੀਰ ਕੋਲ ਜਾਂਦੇ ਹਨ ਤਾਂ ਮੀਆਂ ਮਿਠਾ ਗੁੱਸੇ ਵਿੱਚ ਬੋਲਿਆ ਕਿ ਨਾਨਕ ਬੇਸ਼ੱਕ ਚੰਗਾ ਫਕੀਰ ਹੈ ਪਰ ਜਦ ਸਾਨੂੰ ਮਿਲੇਗਾ, ਅਸੀ ਇੱਕ ਨਚੌੜ ਲਵਾਂਗੇ ਜੀਕਰ ਨਿੰਬੂ ਵਿੱਚੋਂ ਰਸ ਨਿਚੋੜੀਦਾ ਹੈ, ਇਉਂ ਉਤਾਰ ਲਵਾਂਗੇ ਜੀਕਰ ਦੁੱਧ ਤੋਂ ਮਿਲਾਈ ਉਤਾਰੀ ਦੀ ਹੈ।[7] ਹੋਲੀ-ਹੋਲੀ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਬਣ ਗਏ। ਮੀਆਂ ਮਿਠੇ ਨੂੰ ਸਭ ਤੋਂ ਵੱਡੀ ਸੱਟ ਉਸ ਸਮੇਂ ਲੱਗੀ ਜਦੋਂ ਅਬਦੁਲ ਰਹਿਮਾਨ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ।[8] ਫਿਰ ਅਬਦੁਲ ਰਹਿਮਾਨ ਨੇ ਮੀਆਂ ਮਿਠੇ ਨੂੰ ਸਲਾਹ ਦਿੱਤੀ ਕਿ ਉਹ ਇੱਕ ਵਾਰ ਬਾਬਾ ਜੀ ਦੇ ਦਰਸ਼ਨ ਜ਼ਰੂਰ ਕਰ ਲੈਣ। ਮੀਆਂ ਮਿਠੇ ਨੇ ਆਪਣੇ ਮੁਰਸ਼ਿਦ ਦੀ ਗੱਲ ਮੰਨ ਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਤਿਆਰ ਹੋ ਗਿਆ। ਜਦੋਂ ਮੀਆਂ ਮਿਠਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਗਿਆ ਤਾਂ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਦੇ ਜਲਾਲ ਨੇ ਮੀਆਂ ਮਿਠੇ ਦੇ ਦਿਲ ਤੇ ਗਹਿਰਾ ਪ੍ਰਭਾਵ ਪਾਇਆ ਤੇ ਉਹ ਚੁਪ ਕੀਤਾ, ਗੁਰੂ ਜੀ ਪਾਸ ਬੈਠ ਗਿਆ।[9] ਫਿਰ ਮੀਆਂ ਮਿਠਾ ਬੋਲਿਆ:-

**ਅਵਲ ਨਾਉ ਖੁਦਾਇ ਕਾ ਦੂਜਾ ਨਬੀ ਰਸੂਲ॥**
**ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲ॥**

ਫਿਰ ਗੁਰੂ ਜੀ ਨੇ ਉਤਰ ਦਿੱਤਾ॥

**ਅਵਲਿ ਨਾਉ ਖਦਾਇ ਕਾ ਦਰ ਦਰਵਾਨ ਰਸੂਲੁ॥**
**ਸੇਖਾ ਨੀਅਤਿ ਰਾਸਿ ਕਰਿ ਤਾਂ ਦਰਗਹਿ ਪਵਹਿ ਕਬੂਲ॥**[10]

ਮੀਆਂ ਮਿਠਾ ਬੋਲਿਆ, ਜਿਵੇਂ ਤੇਲ ਤੋਂ ਬਿਨਾਂ ਦੀਵਾ ਰੋਸ਼ਨ ਨਹੀਂ ਹੁੰਦਾ, ਇਸ ਤਰ੍ਹਾਂ ਰਸੂਲ ਪੈਗੰਬਰ ਤੋਂ ਬਿਨਾਂ ਨਜ਼ਾਤ ਨਹੀਂ ਮਿਲਦੀ ਤੇ ਅੱਲਾਹ ਨਾਲ ਵਸਲ (ਮਿਲਾਪ) ਨਹੀਂ ਹੁੰਦਾ।[11] ਇਸਦੇ ਉਤਰ ਵਿੱਚ ਗੁਰੂ ਨਾਨਕ ਸਹਿਬ ਨੇ ਸ਼ਬਦ ਉਚਾਰਿਆ।

**ਇਹੁ ਤੇਲੁ ਦੀਵਾ ਇਉ ਜਲੈ॥**
**ਕਰਿ ਚਾਨਣੁ ਸਾਹਿਬ ਤਉ ਮਿਲੈ॥ ਰਹਾਉ॥**
**ਇਤ ਤਨਿ ਲਾਗੈ ਬਾਣੀਆ॥**
**ਸੁਖ ਹੋਵੈ ਸੇਵ ਕਮਾਣੀਆ॥**
**ਸਭ ਦੁਨੀਆ ਆਵਣ ਜਾਣੀਆ॥**
**ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਾਹ ਬੇਸਣੁ ਪਾਈਐ॥**
**ਕਹੁ ਨਾਨਕ ਬਾਹ ਲਡਾਈਐ॥**[12]

ਮੀਆਂ ਮਿਠੇ ਪੁਛਿਆ ਉਹ ਕਵਨ ਕੁਰਾਨ ਹੈ, ਜਿਤ ਪੜ੍ਹੇ ਕਬੂਲ ਹੋਵੇ। ਉਹ ਕਿਹੜੀ ਦਰਵੇਸੀ ਹੈ, ਜਿਸ ਨਾਲ ਅੱਲਾਹ ਨਾਲ ਵਸਲ (ਮਿਲਾਪ) ਹੁੰਦਾ ਹੈ? ਉਹ ਕਿਹੜਾ ਰੋਜਾ ਤੇ ਕਿਹੜੀ ਨਿਵਾਜ ਹੈ? ਜਿਸ ਨਾਲ ਮਨ, ਉਸ ਅੱਲਾਹ ਦੀ ਯਾਦ ਵਿੱਚ ਟਿਕਦਾ ਹੈ।[13] ਗੁਰੂ ਨਾਨਕ ਨੇ ਮਰਦਾਨੇ ਨੂੰ ਕਿਹਾ ਕਿ ਰਬਾਬ ਵਜਾਏ ਤਾਂ ਆਪ ਨੇ ਇਹ ਸ਼ਬਦ ਉਚਾਰਨ ਕੀਤਾ:-

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥**
**ਸਰਮ ਸੁੰਨਤ ਸੀਲੁ ਰੋਜਾ ਹੋਹੁ ਮੁਸਲਮਾਣੁ॥**
**ਕਰਣੀ ਬਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥**[14]

*** ਲੈਕਚਰਾਰ, ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ. ਰਿਲੀਜੀਅਸ ਸਟੱਡੀਜ਼, (ਨਿਸ਼ਾਨ-ਏ-ਸਿੱਖੀ), ਖਡੂਰ ਸਾਹਿਬ।**

ਮੀਆਂ ਮਿਠੇ ਨੇ, ਇਸ ਪਾਸੇ ਹਾਰ ਹੁੰਦੀ ਵੇਖੀ, ਤਾਂ ਗੱਲਬਾਤ ਦਾ ਰੁੱਖ ਬਦਲਾਉਣ ਲਈ ਉਹ ਕਹਿਣ ਲੱਗਾ ਕੀ ਤੁਸੀ ਕਿਆਮਤ ਨੂੰ ਮੰਨਦੇ ਹੋ। ਜਿਸ ਦਿਨ ਅੱਲਾ ਨੇ ਫੈਸਲਾ ਲੈਣਾ ਹੈ।[15]

ਗੁਰੂ ਜੀ ਹਾਂ ਹਰ ਕਿਸੇ ਨੂੰ ਆਪਣਾ ਬੀਜਿਆ ਵੱਢਣਾ ਪੈਣਾ ਹੈ। ਆਪਣੇ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਣਾ ਹੈ, ਅੱਗੇ ਗਿਆ ਦਾ ਰੱਬ ਨੇ ਲੇਖਾ ਮੰਗਣਾ ਹੈ।[16] ਮੀਆਂ ਮਿੱਠਾ ਇਹ ਤਾਂ ਬੜੀ ਚੰਗੀ ਗੱਲ ਹੈ। ਪਰ ਕੀ ਤੁਸੀਂ ਕਦੇ ਇਹ ਵੀ ਖਿਆਲ ਕੀਤਾ ਹੈ ਕਿ ਉਸ ਕਿਆਮਤ ਵਾਲੇ ਦਿਨ ਹਿੰਦੂਆਂ ਵਿਚਾਰਿਆਂ ਨਾਲ ਕਿਵੇਂ ਗੁਜਰੇਗੀ। ਮੁਸਲਮਾਨਾਂ ਨੂੰ ਤਾਂ ਮਰਨ ਪਿਛੋਂ ਦਫਨਾਇਆ ਜਾਂਦਾ ਹੈ। ਉਨ੍ਹਾਂ ਦੇ ਸਰੀਰਾਂ ਨੂੰ ਜ਼ਮੀਨ ਦੇ ਸਪੁਰਦ ਕੀਤਾ ਜਾਂਦਾ ਹੈ। ਮੁਸਲਮਾਨਾਂ ਦੀਆਂ ਰੂਹਾਂ ਕਬਰਾਂ ਨੂੰ ਮੱਲ ਕੇ ਬਹਿ ਰਹਿੰਦੀਆਂ ਹਨ। ਕਿਆਮਤ ਵਾਲੇ ਦਿਨ ਜਦ ਅੱਲਾਹ ਦਾ ਫਰਿਸਤਾ ਤੁਰੀ ਵਜਾਵੇਗਾ, ਤਦ ਜਿੰਨ੍ਹਾਂ ਸਰੀਰਾਂ ਨੂੰ ਧਰਤੀ ਤੇ ਸੁਪਰਦ ਕੀਤਾ ਗਿਆ ਹੋਵੇਗਾ, ਧਰਤੀ ਉਨ੍ਹਾਂ ਨੂੰ ਲਿਆ ਹਾਜ਼ਰ ਕਰੇਗੀ।[17]

ਗੁਰੂ ਜੀ ਪਰ ਮੁਸਲਮਾਨਾਂ ਦੇ ਸਰੀਰ ਵੀ ਸਮਾਂ ਪਾ ਕੇ ਮਿੱਟੀ ਹੋ ਜਾਂਦੇ ਹਨ, ਜਿਵੇਂ ਹਿੰਦੂਆ ਦੇ ਅੱਗ ਨਾਲ ਸੜ ਕੇ ਮਿੱਟੀ ਸਵਾਹ ਹੋ ਜਾਂਦੇ ਹਨ। ਤੁਹਾਡੇ ਕਿਆਮਤ ਦੇ ਦਿਨ ਤੀਕ ਇਨ੍ਹਾਂ ਦਾ ਰਤੀ ਭਰ ਨਿਸ਼ਾਨ ਵੀ ਬਾਕੀ ਨਹੀਂ ਰਹਿਣਾ। ਜੇ ਫੇਰ ਤੁਹਾਡੇ ਸਰੀਰ ਉਸ ਦਿਨ ਉਠ ਬਹਿਣਗੇ ਤਾਂ ਕੋਈ ਦਲੀਲ ਨਹੀਂ ਕਿ ਹਿੰਦੂਆਂ ਦੇ ਇਉਂ ਨਾ ਉਠ ਸਕਣਗੇ। ਦੂਜੀ ਗੱਲ ਇਹ ਹੈ ਕਿ ਜੇ ਤੁਸੀਂ ਇਹ ਮੰਨਦੇ ਹੋ ਕਿ ਹਿੰਦੂਆ ਦੇ ਸਰੀਰ ਸੜ ਜਾਂਦੇ ਹਨ, ਇਸ ਕਰਕੇ ਰੱਬ ਦਾ ਕਹਿਰ ਉਨ੍ਹਾਂ ਉਪਰ ਟੁੱਟੇਗਾ, ਤਾਂ ਸ਼ੇਖ ਜੀ, ਮੁਸਲਮਾਨ ਵੀ ਇਸ ਕਹਿਰ ਤੋਂ ਬਚ ਨਹੀ ਸਕਦੇ, ਕਿਉਂਕਿ ਉਨ੍ਹਾਂ ਦੇ ਸਰੀਰ ਵੀ ਆਮ ਕਰ ਕੇ ਅੰਤ ਨੂੰ ਸੜ ਹੀ ਜਾਂਦੇ ਹਨ।[18] ਮੀਆਂ ਮਿੱਠਾ ਉਹ ਕਿਵੇਂ। ਉਹ ਤਾਂ ਦੱਬੇ ਜਾਂਦੇ ਹਨ।[19]

ਇਸ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਗੁਰੂ ਜੀ ਆਖਦੇ ਹਨ ਕਿ ਸ਼ੇਖ ਜੀ ਤੁਹਾਨੂੰ ਪਤਾ ਹੀ ਹੈ ਕਿ ਪੁਰਾਣੀਆਂ ਕਬਰਾਂ ਦੀ ਮਿੱਟੀ ਬੜੀ ਚੀਕਣੀ ਹੁੰਦੀ ਹੈ। ਘੁਮਿਆਰ ਲੋਕ ਚੀਕਣੀ ਮਿੱਟੀ ਲੱਭ ਕੇ ਲਿਆਉਂਦੇ ਹਨ, ਤਾਂ ਜੁ ਇੱਟਾਂ ਭਾਂਡੇ ਚੰਗੇ ਪੱਕੇ ਬਣਨ। ਇਸ ਲਈ ਉਹ ਲੋਕ, ਪੁਰਾਣੇ ਕਬਰਸਤਾਨਾਂ ਦੀ ਮਿੱਟੀ ਪੁੱਟ ਕੇ ਲਿਆਉਂਦੇ ਤੇ ਗੁੰਨਦੇ ਹਨ ਅਤੇ ਚੱਕ ਉਪਰ ਧਰ ਕੇ ਭਾਂਡੇ ਘੜਦੇ ਹਨ। ਕਈ ਉਸ ਨੂੰ ਸੰਚਿਆਂ ਵਿੱਚ ਪਾ ਕੇ ਇੱਟਾਂ ਪੱਥਦੇ ਹਨ। ਫੇਰ ਇਨ੍ਹਾਂ ਨੂੰ ਧੁੱਪੇ ਸੁਕਾ ਕੇ, ਆਵਿਆਂ ਵਿੱਚ ਬੀੜ ਕੇ ਅੱਗ ਦਿੰਦੇ ਹਨ। ਮੁਸਲਮਾਨਾਂ ਦੇ ਸਰੀਰ ਤੋਂ ਬਣੀ ਹੋਈ ਮਿੱਟੀ ਇਸ ਤਰ੍ਹਾਂ ਕਰੜੀ ਅੱਗ ਵਿੱਚ ਸੜਦੀ ਹੈ। ਜੇ ਦੇਹ ਦੀ ਮਿੱਟੀ ਦਾ ਸੜਨਾ ਪਾਪ ਹੈ ਤਾਂ ਮੁਸਲਮਾਨਾਂ ਦੀ ਮਿੱਟੀ ਵੀ ਸੜਦੀ ਹੈ।[20] ਗੁਰੂ ਜੀ ਨੇ ਆਪਣੇ ਇਹ ਖਿਆਲ "ਆਸਾ ਦੀ ਵਾਰ" ਵਿੱਚ ਇਉਂ ਉਚਾਰੇ ਹਨ।

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।।**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।।**
**ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ।।**
**ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ।।**[21]

ਸ਼ੇਖ ਨੂੰ ਸਾਰੀ ਗੱਲ ਸਮਝ ਆ ਗਈ। ਉਹ ਗੁਰੂ ਜੀ ਦੀ ਚਰਨੀਂ ਢਹਿ ਪਿਆ। ਗੁਰੂ ਜੀ ਨੇ ਸ਼ੇਖ ਨੂੰ ਨਾਮ ਦਾਨ ਦੀ ਅਮੋਲ ਦਾਤ ਬਖਸ਼ੀ।[22]

ਉਪਰੋਕਤ ਗੋਸਟ ਤੋਂ ਬਾਅਦ ਅਸੀਂ ਇਹ ਆਖ ਸਕਦੇ ਹਾਂ ਅੱਗੇ ਜਾ ਕੇ ਦੁਨੀਆਂ ਵਿੱਚ ਕੀਤੇ ਅਮਲਾਂ, ਅਨੁਸਾਰ ਹੀ ਨਿਬੇੜੇ ਹੋਣੇ ਹਨ। ਉਥੇ ਜਾਤ ਮਜ਼ਬ ਦੀ ਕਿਸੇ ਪੁੱਛ ਨਹੀਂ ਕਰਨੀ। ਇਸ ਭੁਲੇਖੇ ਵਿੱਚ ਨਾ ਰਹੋ ਕਿ ਸਾਡਾ ਦੀਨ ਰਾਜ ਧਰਮ ਹੈ, ਅਸੀਂ ਹੋਰਨਾਂ ਨੂੰ ਹਿੱਕ ਦੇ ਧੱਕੇ ਤੇ ਤਲਵਾਰ ਦੇ ਜ਼ੋਰ ਨਾਲ ਇਹ ਦੀਨ ਮੰਨਵਾ ਸਕਦੇ ਹਾਂ, ਇਸ ਲਈ ਅੱਲਾਹ ਦੀ ਦਰਗਾਹੇ ਵੀ ਸਾਨੂੰ ਖਾਸ ਰਿਆਇਤਾ ਤੇ ਸਹੂਲਤਾਂ ਮਿਲਣਗੀਆਂ ਅਤੇ ਅੱਲਾਹ ਦੀਆਂ ਨਜ਼ਰਾਂ ਵਿੱਚ ਅਸੀਂ ਹੋਰਨਾਂ ਨਾਲ ਚੰਗੇਰੇ ਤੇ ਉਚੇਰੇ ਸਮਝੇ ਜਾਵਾਂਗੇ, ਅਜਿਹੇ ਸੌੜੇ ਖਿਆਲ, ਈਰਖਾ ਭਰੇ ਵਿਚਾਰ ਇਨਸਾਨ ਦੀਆਂ ਕਾਇਮ ਕੀਤੀਆਂ ਹੋਈਆਂ ਹੱਦਾਂ, ਸਭ ਤਿਆਗ ਦੇਣੀਆ ਚਾਹੀਦੀਆਂ ਹਨ। ਸਾਨੂੰ ਉਸ ਪ੍ਰਮਾਤਮਾ ਦੇ ਸਿਰਜੇ ਹੋਏ ਜੀਵਾਂ ਨਾਲ ਪਿਆਰ ਕਰਨਾ ਚਾਹੀਦਾ ਹੈ, ਤਾਂ ਹੀ ਅਸੀਂ ਉਸ ਪ੍ਰਮਾਤਮਾ ਦੇ ਦਰ ਤੇ ਕਬੂਲ ਹੋ ਸਕਾਂਗੇ।

**ਹਵਾਲੇ ਅਤੇ ਟਿੱਪਣੀਆਂ**


1. ਕਰਤਾਰ ਸਿੰਘ, ਜੀਵਨ ਕਥਾ ਸ੍ਰੀ ਗੁਰੂ ਨਾਨਕ ਦੇਵ ਜੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1977, ਪੰਨਾ 258.

2. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪਜਾਬ, 1990, ਪੰਨਾ 473.

3. ਡਾ. ਬਲਦੇਵ ਸਿੰਘ ਬੱਦਨ (ਸੰਪਾ.), ਨੈਸ਼ਨਲ ਪਜਾਬੀ ਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 2000, ਪੰਨਾ 1461.

4. ਪਿਆਰ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਜਾਬੀ ਭਾਸ਼ਾ ਸਾਹਿਤ ਤੇ ਸੱਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974, ਪੰਨਾ 5.

5. ਕਰਤਾਰ ਸਿੰਘ, ਉਪਰੋਕਤ, ਪੰਨਾ 258.

6. ਸੇਵਾ ਸਿੰਘ ਸੇਵਕ (ਸੰਪਾ.), ਪ੍ਰਾਚੀਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ), ਨਿਊ ਬੁੱਕ ਕੰਪਨੀ, ਜਲੰਧਰ, 1969, ਪੰਨਾ 119

7. ਉਹੀ, ਪੰਨਾ 258.

8. ਉਹੀ, ਪੰਨਾ 259.

9. ਕਰਤਾਰ ਸਿੰਘ, ਉਪਰੋਕਤ, ਪੰਨਾ 259.

10. ਭਾਈ ਵੀਰ ਸਿੰਘ, ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1971, ਪੰਨਾ 130-131.

11. ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਪਬਲੀਕੇਸ਼ਨ ਬਿਊਰੋ, ਪਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 114.

12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-25

13. ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਪੰਨਾ 115.

14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-140

15. ਕਰਤਾਰ ਸਿੰਘ, ਉਪਰੋਕਤ, ਪੰਨਾ 262.

16. ਉਹੀ, ਪੰਨਾ 262.

17. ਕਰਤਾਰ ਸਿੰਘ, ਉਪਰੋਕਤ, ਪੰਨਾ 263.

18. ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ, ਪੰਨਾ 455

19. ਉਹੀ, ਪੰਨਾ 455.

20. ਕਰਤਾਰ ਸਿੰਘ, ਉਪਰੋਕਤ, ਪੰਨਾ 264.

21. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 466

22. ਕਰਤਾਰ ਸਿੰਘ, ਉਪਰੋਕਤ, ਪੰਨਾ 265

# ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ'

**ਡਾ. ਹਰਚੰਦ ਸਿੰਘ ਸਰਹਿੰਦੀ**

ਅਠਾਰ੍ਹਵੀਂ ਸਦੀ ਵਿਚ ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਮਹਾਨ ਸਰਪ੍ਰਸਤ ਤੇ ਲਾਸਾਨੀ ਸ਼ਾਇਰ, ਬਾਬਾ ਵਾਰਿਸ ਸ਼ਾਹ, ਪੰਜਾਬੀ ਸਾਹਿਤ ਦਾ ਉਹ ਅਮਿੱਟ ਹਸਤਾਖ਼ਰ ਹੈ ਜਿਸ ਦੀ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਬਰਾਬਰ ਦੀ ਪੁੱਛ ਪ੍ਰਤੀਤ ਹੈ। ਉਸ ਦੀ ਹਰ ਦਿਲ ਅਜੀਜ਼ੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਦੀ ਸ਼ਾਹਕਾਰ ਰਚਨਾ 'ਹੀਰ' ਨੂੰ ਪੜ੍ਹਨ ਤੇ ਸੁਣਨ ਦੀ ਚੇਟਕ ਵਿਚ ਕਦੇ ਖੜੋਤ ਨਹੀਂ ਆਈ। ਹੁਣ ਤੱਕ ਘੱਟੋ-ਘੱਟ 120 ਕਿੱਸਾਕਾਰ ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਉੱਤੇ ਕਲਮ-ਅਜ਼ਮਾਈ ਕਰ ਚੁੱਕੇ ਹਨ, ਪਰ ਜਿਨ੍ਹਾਂ ਸਿਖ਼ਰਾਂ ਨੂੰ ਵਾਰਿਸ ਨੇ ਛੂਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈਆਂ। ਨਿਰਸੰਦੇਹ, ਪੰਜਾਬੀ ਸ਼ਾਇਰੀ ਦੇ ਅੰਬਰ 'ਤੇ ਇਕ ਭਰਵੀਂ ਤੇ ਮਨਮੋਹਕ ਉਡਾਣ ਦਾ ਨਾਂ ਹੈ ਵਾਰਿਸ ਸ਼ਾਹ।

ਵਾਰਿਸ ਸ਼ਾਹ ਨੇ ਮਾਂ ਬੋਲੀ ਨੂੰ ਇਕ ਅਜਿਹੀ ਪੁਰ-ਅਸਰ ਅਤੇ ਸੁੱਚੀ ਕਿਤਾਬ ਭੇਟ ਕੀਤੀ ਹੈ, ਜਿਸ ਨੇ ਪੰਜਾਬੀ ਸਾਹਿਤ ਨੂੰ ਰੱਜਕੇ ਮਾਲਾਮਾਲ ਕੀਤਾ ਹੈ। ਇਸ ਪੁਸਤਕ ਦੁਆਰਾ ਪੰਜਾਬੀ ਸਾਹਿਤ ਵਿਚ ਛੱਡੀ ਮਹਿਕ ਪੰਜਾਬੀਆਂਨੂੰ ਸ ਦਾਮ ਹਿਕਾਉਂਦੀਤ ੇਮ ੀਤਰ-ਮੁਗਧਕ ਰਦੀਰ ਹੇਗੀ। ਕਮਾਲ ਦੀ ਗੱਲ ਤਾਂ ਇਹ ਹੈ ਕਿ 'ਹੀਰ ਵਾਰਿਸ' ਜਿੱਥੇ ਪਿੰਡ ਦੀਆਂ ਸੱਥਾਂ ਵਿਚ ਬੜੇ ਚਾਅ ਨਾਲ ਪੜ੍ਹੀ ਤੇ ਸੁਣੀ ਜਾਂਦੀ ਹੈ, ਉੱਥੇ ਉੱਚ-ਪੱਧਰੀਆਂ ਸਾਹਿਤਕ ਗੋਸ਼ਟੀਆਂ ਵਿਚ ਵੀ ਬੜੀ ਗੰਭੀਰਤਾ ਨਾਲ ਵਿਚਾਰੀ ਤੇ ਸਲਾਹੀ ਜਾਂਦੀ ਹੈ।

ਵਾਰਿਸ ਸ਼ਾਹ ਅਜਿਹਾ ਪਹਿਲਾ ਸ਼ਾਇਰ ਹੈ, ਜਿਸ ਦੇ ਕਲਾਮ ਵਿਚ ਪੰਜਾਬੀ ਜ਼ੁਬਾਨ ਆਪਣੀ ਮੁਕੰਮਲ ਖ਼ੂਬਸੂਰਤੀ ਤੇ ਖ਼ੂਬੀਆਂ ਨਾਲ ਜਲਵਾ-ਗਰ ਹੋਈ। ਦੂਜਾ, ਉਸ ਨੇ ਪੰਜਾਬੀ ਜ਼ੁਬਾਨ ਦੇ ਗੁੱਝੇ ਨਖ਼ਰਿਆਂ ਨੂੰ ਰੂਪਮਾਨ ਕੀਤਾ। ਤਾਹੀਉਂ, ਉਸ ਦਾ ਕਲਾਮ ਸੁਣਦਿਆਂ ਹੀ ਬੰਦਾ ਵਜਦ ਵਿਚ ਆ ਜਾਂਦਾ ਹੈ ਅਤੇ ਉਸ ਦੀ ਰੂਹ ਸਰਸ਼ਾਰ ਹੋ ਜਾਂਦੀ ਹੈ। ਕਿਸੇ ਸ਼ਾਇਰ ਨੇ ਖ਼ੂਬ ਕਿਹਾ ਹੈ –

**ਵਾਰਿਸ ਸ਼ਾਹ ਦਾ ਪਾਕ ਕਲਾਮ ਪੜ੍ਹਨਾ,**
**ਬੂਰੀ ਮੱਝ ਦੀ ਚੁੰਘਣੀ ਧਾਰ ਹੈ ਜੀ।**

ਇਹੋ ਕਾਰਨ ਹੈ ਕਿ ਅੱਜ ਵੱਡੇ-ਵੱਡੇ ਕਲਮ ਦੇ ਧਨੀ ਵਾਰਿਸ ਦਾ 'ਲੋਹਾ ਮੰਨਦੇ' ਹਨ। ਪੰਜਾਬੀਆਂ ਦੇ ਸਭ ਤੋਂ ਅਜੀਜ਼ ਉਰਦੂ ਸ਼ਾਇਰ ਫੈਜ਼ ਅਹਿਮਦ ਫੈਜ਼ (1911-84) ਨੂੰ ਜਦੋਂ ਇਕ ਇੰਟਰਵਿਊ ਦੌਰਾਨ ਇਹ ਪੁੱਛਿਆ ਗਿਆ ਕਿ ਉਹ ਪੰਜਾਬੀ ਵਿਚ ਕਿਉਂ ਨਹੀਂ ਲਿਖਦਾ ਤਾਂ ਉਸ ਦਾ ਜਵਾਬ ਸੀ – "ਕੋਈ ਗ਼ਾਲਿਬ ਨਾਲ ਮੁਕਾਬਲਾ ਕਰਨ ਬਾਰੇ ਤਾਂ ਸੋਚ ਸਕਦਾ ਹੈ, ਪਰ ਵਾਰਿਸ ਸ਼ਾਹ ਦੇ ਖੇਤਰ ਵਿਚ ਦਾਖਲ ਹੋਣ ਦੀ ਹਿੰਮਤ ਤਾਂ ਕੋਈ ਸਿਰਫ਼ਿਰਿਆ ਹੀ ਕਰ ਸਕਦਾ ਹੈ।" ਸਚਮੁੱਚ, ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਵਾਰਿਸ ਨਾਲ ਆਢਾ ਲੈਣਾ, ਪਹਾੜ ਨਾਲ ਟਕਰਾਉਣ ਦੇ ਤੁਲ ਹੈ।

ਵਾਰਿਸ ਸ਼ਾਹ, ਆਪਣੀਆਂ ਲਾਸਾਨੀ ਸਾਹਿਤਕ ਖ਼ੂਬੀਆਂ ਸਦਕਾ, ਸੱਤ ਸਮੁੰਦਰੋਂ ਪਾਰ ਫਰਾਂਸ ਵਿਚ ਵੀ ਜਾ ਧਮਕਿਆ ਹੈ। ਇਕ ਫਰਾਂਸੀਸੀ ਵਿਦਵਾਨ ਡਾ. ਡੇਨਿਸ ਮਾਤਰੇਂਜ, ਜਿਸ ਨੇ 'ਹੀਰ ਵਾਰਿਸ' 'ਤੇ 552 ਸਫ਼ਿਆਂ ਦਾ ਥੀਸਿਜ਼ ਲਿਖ ਕੇ ਪੈਰਿਸ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ, ਦਾ ਕਹਿਣਾ ਹੈ- "ਮੈਂ ਇਸ ਤੋਂ ਪਹਿਲਾਂ ਏਨੀ ਸੋਹਣੀ ਤੇ ਡੂੰਘੀ ਸ਼ਾਇਰੀ ਕਦੇ ਨਹੀਂ ਸੀ ਵੇਖੀ। ਵਾਰਿਸ ਨੇ ਆਪਣੀ ਭਾਸ਼ਾ ਨੂੰ ਆਪ ਸਿਰਜਿਆ ਹੈ, ਜਿਸ ਤਰ੍ਹਾਂ ਹੋਮਰ ਨੇ ਆਪਣੀ ਭਾਸ਼ਾ ਨੂੰ ਸਿਰਜਿਆ ਸੀ। ਵਾਰਿਸ ਤੋਂ ਪਹਿਲਾਂ ਅਜਿਹੀ ਭਾਸ਼ਾ ਮੌਜੂਦ ਨਹੀਂ ਸੀ।" (ਇਹ ਜਾਣਕਾਰੀ, ਮੋਹਨਜੀਤ ਦੀ ਡਾ. ਡੇਨਿਸ ਮਾਤਰੇਂਜ ਨਾਲ ਦਿੱਲੀ ਵਿਖੇ ਹੋਈ ਇਕ ਗੱਲਬਾਤ 'ਤੇ ਆਧਾਰਤ ਹੈ)।

ਸ਼ਿਪਲੇ ਦੇ 'ਐਨਸਾਈਕਲੋਪੀਡੀਆ ਆਫ਼ ਲਿਟਰੇਚਰ' ਅਨੁਸਾਰ "ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਵੱਡਾ ਸ਼ਾਇਰ ਹੈ ਤੇ ਉਸ ਦੀ 'ਹੀਰ' ਸਰਵੋਤਮ ਰਚਨਾ।" ਜਿਲਦ-1, ਪੰਨਾ 554-55.

ਵਾਰਿਸ ਖ਼ੁਦ ਵੀ ਇਹ ਮਹਿਸੂਸ ਕਰਦਾ ਹੈ ਕਿ ਕਿੱਸਾ ਹੀਰ ਲਿਖ ਕੇ ਉਸ ਨੇ ਇਕ ਨਿਵੇਕਲਾ ਤੇ ਯਾਦਗਾਰੀ ਕੰਮ ਕੀਤਾ ਹੈ। ਆਪਣੀ ਰਚਨਾ ਦੀ ਉਪਮਾ ਕਰਦਿਆਂ ਉਹ ਕਹਿੰਦਾ ਹੈ –

**ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,**
**ਨਵਾਂ ਫੁੱਲ ਗੁਲਾਬ ਦਾ ਤੋੜਿਆ ਈ।**

ਨਿਰਸੰਦੇਹ, ਵਾਰਿਸ ਨੇ ਆਪਣੀ ਇਸ ਇਕਲੌਤੀ ਰਚਨਾ ਰਾਹੀਂ ਪੰਜਾਬੀ ਸਾਹਿਤ ਦੇ ਪਿੜ ਵਿਚ ਇਕ ਅਜਿਹਾ ਝੰਡਾ ਗੱਡ ਦਿੱਤਾ ਹੈ ਜੋ ਰਹਿੰਦੀ ਦੁਨੀਆਂ ਤੱਕ ਝੂਲਦਾ ਰਹੇਗਾ।

ਸਾਹਿਤ ਸਿਰਜਣਾ ਬਾਰੇ ਗੱਲ ਕਰਦਿਆਂ, ਸੀ.ਐੱਸ. ਲੀਊਸ ਲਿਖਦਾ ਹੈ ਕਿ "ਸਾਹਿਤ ਸੱਚਾਈ ਦਾ ਸਿਰਫ਼ ਵਿਖਿਆਨ ਹੀ ਨਹੀਂ ਕਰਦਾ, ਸਗੋਂ ਉਸ ਵਿਚ ਵਾਧਾ ਕਰਦਾ ਹੈ। ਸਾਹਿਤ ਉਨ੍ਹਾਂ ਚੀਜ਼ਾਂ, ਜਿਨ੍ਹਾਂ ਦੀ ਆਪਾਂ ਨੂੰ ਆਮ ਜ਼ਿੰਦਗੀ ਵਿਚ ਲੋੜ ਹੁੰਦੀ ਹੈ, ਬਾਰੇ ਰਸਿਕ ਬੋਲੀ ਤੇ ਸ਼ੈਲੀ ਵਿਚ ਜਾਣਕਾਰੀ ਮੁਹੱਈਆ ਕਰਦਾ ਹੈ। ਇਸ ਤਰ੍ਹਾਂ ਇਹ ਸਾਡੀ ਮਾਰੂਥਲ ਬਣ ਚੁੱਕੀ ਜ਼ਿੰਦਗੀ ਵਿਚ ਪਾਣੀ ਦਾ ਕੰਮ ਕਰਦਾ ਹੈ।" 'ਹੀਰ ਵਾਰਿਸ', ਲੀਊਸ ਦੇ ਉਕਤ ਕਥਨ 'ਤੇ ਸੋਲਾਂ ਆਨੇ ਖ਼ਰੀ ਉਤਰਦੀ ਹੈ, ਕਿਉਂਕਿ ਵਾਰਿਸ ਸੱਚ ਲਿਖਣ ਵਾਲਾ ਅਤੇ ਜ਼ਿੰਦਗੀ ਦੀਆਂ ਸੱਚਾਈਆਂ ਨੂੰ ਬਿਆਨ ਕਰਨ ਵਾਲਾ ਸ਼ਾਇਰ ਹੈ। ਜਿਥੋਂ ਤੱਕ 'ਹੀਰ' ਵਿਚਲੇ ਸੱਚ ਦਾ ਸਵਾਲ ਹੈ, ਵਾਰਿਸ ਆਪਣੇ ਪਾਠਕਾਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਉਸ ਦੇ ਸ਼ਿਅਰ, ਇਕ ਤਰ੍ਹਾਂ ਨਾਲ ਕੁਰਾਨ ਸ਼ਰੀਫ਼ ਦੇ ਅਰਥ ਹਨ। ਲਉ! ਸ਼ਿਅਰ ਮੁਲਾਹਜ਼ਾ ਫ਼ਰਮਾਓ :

**ਇਹ ਕੁਰਾਨ ਮਜ਼ੀਦ ਦੇ ਮਾਇਨੇ ਨੇ,**
**ਜਿਹੜੇ ਸ਼ਿਅਰ ਮੀਆਂ ਵਾਰਿਸ ਸ਼ਾਹ ਦੇ ਨੀ।**

ਸੋ, ਵਾਰਿਸ ਨੂੰ ਪੰਜਾਬੀਆਂ ਦਾ ਪੀਰ ਅਤੇ ਉਸ ਦੀ 'ਹੀਰ' ਨੂੰ ਪੰਜਾਬੀਆਂ ਦਾ ਧਾਰਮਿਕ ਗ੍ਰੰਥ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਉਸਤਾਦ ਸ਼ਾਇਰ ਵਿਧਾਤਾ ਸਿੰਘ ਤੀਰ ਦੀਆਂ ਸਤਰਾਂ ਹਨ –

**ਮੇਰੀ ਬੋਲੀ ਦੇ ਵਾਰਿਸਾ ਸੱਚ ਮੰਨੀ,**

**ਮੰਨਾਂ ਮੈਂ ਪੰਜਾਬ ਦਾ ਪੀਰ ਤੈਨੂੰ।** ('ਨਵੇਂ ਨਿਸ਼ਾਨੇ')

ਪੀਰ ਦੇ ਰੁਤਬੇ ਨੂੰ ਪਹੁੰਚਿਆ ਵਾਰਿਸ, ਕਿਉਂਕਿ ਸੱਚ 'ਤੇ ਚੱਲਣ ਵਾਲਾ ਸੂਫ਼ੀ ਦਰਵੇਸ਼ ਸੀ, ਇਸ ਲਈ ਉਸ ਦੀ ਕਹੀ ਗੱਲ 'ਤੇ ਕਿੰਤੂ-ਪ੍ਰੰਤੂ ਕਰਨ ਦੀ ਉੱਕਾ ਹੀ ਕੋਈ ਗੁੰਜਾਇਸ਼ ਨਹੀਂ ਹੈ। ਮੀਆਂ ਮੁਹੰਮਦ ਬਖ਼ਸ਼ ਆਪਣੀ ਪ੍ਰਸਿੱਧ ਰਚਨਾ 'ਸੈਫ਼ੁਲ ਮਲੂਕ' ਵਿਚ ਪੰਨਾ 318 'ਤੇ ਲਿਖਦਾ ਹੈ –

**ਵਾਰਿਸ ਸ਼ਾਹ ਸੁਖ਼ਨ ਦਾ ਵਾਰਿਸ, ਨਿੰਦੇ ਕੌਣ ਉਨ੍ਹਾਂ ਨੂੰ,**

**ਹਰਫ਼ ਉਹਦੇ 'ਤੇ ਉਂਗਲ ਧਰਨੀ, ਨਹੀਂ ਕਦਰ ਅਸਾਂ ਨੂੰ।**

ਵਾਰਿਸ ਸ਼ਾਹ ਨੇ ਹਰ ਦੌਰ ਵਿਚ ਪੰਜਾਬੀ ਮਨ ਨੂੰ ਟੁੰਬਿਆ ਹੈ, ਕਿਉਂਕਿ ਜਿੱਥੇ ਉਹ ਪਾਠਕਾਂ ਦਾ ਮਨੋਰੰਜਨ ਕਰਦਾ ਹੈ, ਉੱਥੇ ਉਨ੍ਹਾਂ ਨੂੰ ਜੀਵਨ ਦੀਆਂ ਸੱਚਾਈਆਂ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਸਰਬੱਤ ਦੇ ਭਲੇ ਲਈ ਪ੍ਰੇਰਦਾ ਹੈ। ਤਾਹੀਉਂ, ਅੰਮ੍ਰਿਤਾ ਪ੍ਰੀਤਮ, 1947 ਦੇ ਦੁਖਾਂਤ ਨੂੰ ਚਿਤਰਦਿਆਂ, ਵਾਰਿਸ ਨੂੰ ਪੰਜਾਬੀਆਂ ਦੇ ਇਕ ਨਾਇਕ ਦੇ ਤੌਰ 'ਤੇ 'ਵਾਜਾਂ ਮਾਰਦੀ ਹੈ- "ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।" ਆਓ! ਆਪਾਂ ਵੀ ਅੱਜ ਪੰਜਾਬ ਦੇ ਇਸ ਪੀਰ ਦੀ ਮਜ਼ਾਰ 'ਤੇ ਨਤਮਸਤਕ ਹੋ ਕੇ ਅਰਜ਼ ਗੁਜ਼ਾਰੀਏ ਕਿ ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ ਅੰਦਰ ਅੱਜ ਜੋ ਕੁਝ ਵਾਪਰ ਰਿਹਾ ਹੈ, ਉਸ ਬਾਰੇ ਆਪਣੇ ਗਿਆਨ ਦਾ ਚਾਨਣ ਸਾਨੂੰ ਬਖ਼ਸ਼ੇ। ਖ਼ੈਰ!

'ਹੀਰ ਵਾਰਿਸ' ਪੰਜਾਬੀ ਸਭਿਆਚਾਰ ਦੀ ਮੁਕੰਮਲ ਤਸਵੀਰ ਪੇਸ਼ ਕਰਦੀ ਹੈ। ਇਹ ਉਸ ਸਮੇਂ ਦੇ ਪੰਜਾਬ ਦਾ ਇਤਿਹਾਸਨਾਮਾ ਵੀ ਹੈ। ਸੋ, ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਨੂੰ ਸਮਝਣ ਲਈ ਇਸ ਥਾਣੀ ਲੰਘਣਾ ਜ਼ਰੂਰੀ ਹੈ। ਪੰਜਾਬੀ ਦੇ ਲੇਖਕਾਂ ਤੇ ਕਵੀਆਂ ਲਈ ਤਾਂ ਇਸ ਦਾ ਅਧਿਐਨ ਕਰਨਾ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ, ਕਿਉਂਕਿ ਇਹ ਉਨ੍ਹਾਂ ਦੇ ਗਿਆਨ ਵਿਚ ਠੋਸ ਵਾਧਾ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬੀ ਮਨ ਦੇ ਨੇੜੇ ਹੋ ਕੇ ਗੱਲ ਕਰਨ ਦੀ ਜੁਗਤ ਵੀ ਸਿਖਾਉਂਦੀ ਹੈ।... ਜਿਹੜਾ ਕਲਮਕਾਰ, ਵਾਰਿਸ ਸ਼ਾਹ ਦੀ ਝੋਲੀ ਵਿਚ ਸਿਰ ਰੱਖ ਕੇ ਉਸ ਪਾਸੋਂ ਸੱਚੇ ਦਿਲੋਂ ਕਿਸੇ ਖਿਆਲ ਦੀ ਦਾਤ ਮੰਗਦਾ ਹੈ, ਵਾਰਿਸ ਉਸ ਨੂੰ ਕਦੇ ਨਿਰਾਸ਼ ਨਹੀਂ ਕਰਦਾ-ਆਪਣੀ ਕੋਈ ਢੁੱਕਵੀਂ ਟੂਕ ਝੱਟ ਉਸ ਦੀ ਤਲੀ 'ਤੇ ਟਿਕਾ ਦਿੰਦਾ ਹੈ। ਇਹ ਮੇਰਾ ਵਿਸ਼ਵਾਸ ਹੀ ਨਹੀਂ, ਨਿੱਜੀ ਤਜ਼ਰਬਾ ਵੀ ਹੈ।

ਵਾਰਿਸ ਦੀ ਲੋਕ ਸੂਝ ਨੂੰ ਪ੍ਰਗਟਾਉਂਦੇ ਕਥਨ, ਅੱਜ ਅਖਾਣਾਂ ਦੇ ਰੂਪ ਵਿਚ ਸਾਡੇ ਜੀਵਨ 'ਚ ਇਉਂ ਘੁਲ-ਮਿਲ ਗਏ ਹਨ ਜਿਵੇਂ ਦੁੱਧ ਦੇ ਕਟੋਰੇ ਵਿਚ ਖੰਡ। ਗੱਲ ਕੀ, ਵਾਰਿਸ ਨੇ ਆਪਣੇ ਗਿਆਨ ਦੇ ਅਟੁੱਟ ਭੰਡਾਰ ਨੂੰ ਕਿੱਸਾ ਹੀਰ ਦੀ ਆੜ ਵਿਚ ਪੰਜਾਬੀ ਜਗਤ ਦੇ ਵਿਹੜੇ ਵਿਚ ਢੇਰੀ ਕਰ ਦਿੱਤਾ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਪੰਜਾਬੀ ਸਾਹਿਤ ਦੇ ਲਗਭਗ 800 ਸਾਲਾਂ ਦੇ ਇਤਿਹਾਸ ਵਿਚ ਵਾਰਿਸ ਤੋਂ ਵੱਡਾ ਸ਼ਾਇਰ ਹੋਰ ਕੋਈ ਪੈਦਾ ਹੀ ਨਹੀਂ ਹੋਇਆ। ਉਸ ਨੇ ਮਾਂ ਬੋਲੀ ਨੂੰ ਇਕ ਅਜਿਹੀ ਨੁੱਕਦਾਰ ਕਿਤਾਬ ਭੇਟ ਕੀਤੀ ਹੈ, ਜਿਸ ਨੂੰ ਦੁਨੀਆਂ ਦੀ ਕਿਸੇ ਵੀ ਜ਼ੁਬਾਨ ਦੇ ਸਾਹਿਤ ਦੇ ਮੁਕਾਬਲੇ ਲਈ ਪੇਸ਼ ਕੀਤਾ ਜਾ ਸਕਦਾ ਹੈ।

ਚੰਗਾ ਸਾਹਿਤ ਹਮੇਸ਼ਾ ਸਮੇਂ ਦੇ ਹਾਣ ਦਾ ਬਣਿਆ ਰਹਿੰਦਾ ਹੈ- ਆਪਣੇ-ਆਪ ਨੂੰ ਸਮੇਂ ਦੇ ਮੁਤਾਬਿਕ ਢਾਲ ਲੈਂਦਾ ਹੈ। 'ਹੀਰ ਵਾਰਿਸ' ਵਿਚ ਇਹ ਗੁਣ ਮੌਜੂਦ ਹੈ-ਢਾਈ ਸਦੀਆਂ ਪਹਿਲਾਂ ਲਿਖੀ ਗਈ ਇਹ ਰਚਨਾ ਅੱਜ ਦੇ ਯੁੱਗ ਵਿਚ ਵੀ ਉਨੀਓਂ ਸਾਰਥਿਕ ਹੈ। ਤੱਥ ਦੀ ਪੁਸ਼ਟੀ ਲਈ ਇਕ ਸ਼ਿਅਰ ਪੇਸ਼ ਹੈ –

**ਜਿਨ੍ਹਾਂ ਬੇਟੀਆਂ ਮਾਰੀਆਂ, ਰੋਜ਼ ਕਿਆਮਤ,**

**ਸਿਰ ਤਿਨ੍ਹਾਂ ਦੇ ਵੱਡਾ ਗੁਨਾਹ ਮੀਆਂ।**

ਦੂਜਾ, ਚੰਗਾ ਸਾਹਿਤ ਉਹ ਹੁੰਦਾ ਹੈ, ਜਿਸ ਨੂੰ ਬਾਰ-ਬਾਰ ਪੜ੍ਹਨ ਲਈ ਮਨ ਕਾਹਲਾ ਪਵੇ। ਸਾਈਰ ਕੌਨਲੀ ਦਾ ਕਥਨ ਹੈ- "ਸਾਹਿਤ, ਲਿਖਣ ਦੀ ਉਹ ਕਲਾ ਹੈ ਜਿਸ ਨੂੰ ਬਾਰ-ਬਾਰ ਪੜ੍ਹਿਆ ਜਾ ਸਕੇ।" ਵਾਰਿਸ ਦੀ 'ਹੀਰ' ਵੀ ਇਕ ਅਜਿਹੀ ਹੀ ਰਚਨਾ, ਜਿਸ ਦਾ ਜੀਵਨ ਭਰ ਪਾਠ ਕਰਦੇ ਰਹਿਣ ਨਾਲ ਵੀ ਰੂਹ ਨਹੀਂ ਭਰਦੀ, ਕਿਉਂਕਿ ਇਸ ਦੇ ਸ਼ਿਅਰਾਂ ਵਿਚ ਖਿਆਲ ਦੀ ਬੁਲੰਦੀ ਅਤੇ ਸੁਹਜ ਖ਼ੁਸ਼ਬੂ ਵਾਂਗ ਹਾਜ਼ਰ ਰਹਿੰਦੇ ਹਨ। ਲਓ! ਖ਼ੁਸ਼ਬੂ ਬਿਖੇਰਦਾ ਇਕ ਸ਼ਿਅਰ ਹਾਜ਼ਰ ਹੈ –

**ਰੰਨਾਂ ਦੇਣ ਗਾਲੀਂ ਅਸੀਂ ਚੁੱਪ ਰਹੀਏ,**

**ਐਡੇ ਸਬਰ ਦੇ ਪੈਰ ਕਿਸ ਧੋਵਨੇ ਨੇ।**

ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਵਾਰਿਸ ਦੀ 'ਹੀਰ' ਪੜ੍ਹਨ ਵਾਲੇ ਦੇ ਥਕੇਵੇਂ ਨੂੰ ਮੁੱਠੀਆਂ ਭਰ-ਭਰ ਕੇ ਹੌਲਿਆਂ ਫੁੱਲ ਕਰ ਦਿੰਦੀ ਹੈ, ਯਾਨੀ ਇਸ ਦੀ ਮਦਹੋਸ਼ ਕਰਨ ਵਾਲੀ ਮਹਿਕ ਪੜ੍ਹਨ ਵਾਲੇ ਦੀ ਰੂਹ ਤੱਕ ਉੱਤਰ ਜਾਂਦੀ ਹੈ।

ਹਜ਼ਰਤ ਵਾਰਿਸ ਸ਼ਾਹ ਦਾ ਨਾਂ ਉਨ੍ਹਾਂ ਸੂਫ਼ੀ ਸ਼ਾਇਰਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਹੈ, ਜਿਨ੍ਹਾਂ ਨੇ ਇਕ ਇਸ਼ਕੀਆ ਕਹਾਣੀ ਨੂੰ ਮਜਾਜ਼ੀ ਰੰਗ ਵਿਚ ਪੇਸ਼ ਕਰਕੇ ਉਸ ਵਿਚ ਰੂਹਾਨੀਅਤ ਦਾ ਹਕੀਕੀ ਰੰਗ ਭਰ ਦਿੱਤਾ ਹੋਵੇ।... ਪਰ ਵਾਰਿਸ ਨੇ ਇਸ਼ਕ ਹਕੀਕੀ ਦਾ ਪਾਠ ਪੜ੍ਹਾਉਂਦਿਆਂ, ਗੱਭਰੂਆਂ ਅਤੇ ਮੁਟਿਆਰਾਂ ਦੇ ਜਜ਼ਬਾਤ ਤੇ ਵਲਵਲਿਆਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ, ਬਲਕਿ ਉਨ੍ਹਾਂ ਦੇ ਮਨ ਨੂੰ ਤੁਣਕਾ ਮਾਰਨ ਲਈ ਹੱਥ ਆਏ ਕਿਸੇ ਵੀ ਅਵਸਰ ਨੂੰ ਅਜਾਈਂ ਨਹੀਂ ਜਾਣ ਦਿੱਤਾ। ਮਿਸਾਲ ਵਜੋਂ, ਹੀਰ ਨੂੰ ਗੰਨੇ ਦੀ ਪੋਰੀ (ਚਹੀਕ) ਨਾਲ ਤਸ਼ਬੀਰ ਦੇ ਕੇ ਇਉਂ ਪੇਸ਼ ਕਰਦਾ ਹੈ-

**ਵਾਰਿਸ ਸ਼ਾਹ ਚਹੀਕ ਜੇ ਨਵੀਂ ਚੂਪੇਂ,**

**ਸੱਭੇ ਭੁੱਲ ਜਾਹਨੀ ਜਿਹੜੀਆਂ ਗਾਵਨਾ ਹੈਂ।**

ਸੂਫੀ ਸ਼ਾਇਰ ਤੇ ਦਰਵੇਸ਼ ਹੋਣ ਦੇ ਨਾਤੇ, ਉਹ ਲੋਕਾਂ ਨੂੰ ਚੰਗੇ ਵਰਤਾਰੇ ਤੇ ਨੇਕ ਸੁਭਾਅ ਦੀ ਮਤ ਦਿੰਦਾ ਹੈ ਅਤੇ ਜੱਗ ਦੇ ਕੂੜ ਨੂੰ ਭੰਡਦਾ ਹੈ। 'ਜੋ ਕਰਨਗੇ ਸੋ ਭਰਨਗੇ' ਦੇ ਫ਼ਲਸਫ਼ੇ ਦੀ ਗੱਲ ਕਰਦਿਆਂ, ਉਹ ਬੰਦੇ ਨੂੰ ਪੁੰਨ ਤੇ ਪਾਪ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਇਨਸਾਨੀ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਪ੍ਰੇਰਦਾ ਹੈ। ਉਹ, ਜੀਵਨ ਵਿਚ ਮੰਜ਼ਿਲ ਦੀ ਪ੍ਰਾਪਤੀ ਲਈ ਲਗਾਤਾਰ ਜੱਦੋ-ਜਹਿਦ ਦੀ ਲੋੜ 'ਤੇ ਜ਼ੋਰ ਦਿੰਦਾ ਹੈ, ਜੀਵਨ ਵਿਚ ਕੁਝ ਜ਼ਿਕਰਯੋਗ ਕਰ ਗੁਜ਼ਰਨ ਦਾ ਸੁਨੇਹਾ ਦਿੰਦਾ ਹੈ। ਸ਼ਿਅਰ ਹੈ –

**ਵਾਰਿਸ ਸ਼ਾਹ ਉਹ ਸਦਾ ਈ ਜਿਊਂਦੇ ਨੇ,**

**ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।**

ਸੋ, ਕਿਹਾ ਜਾ ਸਕਦਾ ਹੈ ਕਿ 'ਹੀਰ ਵਾਰਿਸ' ਪੰਜਾਬੀ ਸਾਹਿਤ ਦਾ ਧੜਕਦਾ ਦਿਲ ਹੈ ਅਤੇ ਸੱਭਿਆਚਾਰ ਦਾ ਗੜ੍ਹ ਵੀ। ਦੁਨੀਆਂ ਦੇ ਸਾਹਿਤ ਵਿਚ ਬਹੁਤ ਘੱਟ ਪੁਸਤਕਾਂ ਅਜਿਹੀਆਂ ਹਨ, ਜਿਹੜੀਆਂ ਸਦੀਆਂ ਤੋਂ ਹੀ ਕਿਸੇ ਖਾਸ ਖਿੱਤੇ ਦੇ ਲੋਕਾਂ ਦੀਆਂ ਰੀਝਾਂ ਤੇ ਜਜ਼ਬਾਤ ਦੀ ਤਰਜਮਾਨੀ ਕਰਦੀਆਂ, ਉਨ੍ਹਾਂ ਦੇ ਖ਼ੂਨ ਵਿਚ ਰਚਮਿੱਚ ਗਈਆਂ ਹੋਣ। ਵਾਰਿਸ ਦੀ 'ਹੀਰ' ਅਜਿਹੀ ਹੀ ਇਕ ਮਾਣਮੱਤੀ ਪੁਸਤਕ ਹੈ, ਜਿਹੜੀ ਬਿਨਾਂ ਕਿਸੇ ਨਸਲੀ ਵਿਤਕਰੇ ਤੋਂ ਵਿਸ਼ਵ ਭਰ 'ਚ ਵਸਦੇ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀ ਹੈ।

**ਮੋ. 92178-45812**

# ਕੱਚੇ ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਦੀ ਸਾਰ ਲਈ ਜਾਵੇ

**"ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰੇ, ਉਨ੍ਹਾਂ ਦੀ ਨੌਕਰੀ ਦੀਆਂ ਸੇਵਾ ਸ਼ਰਤਾਂ ਪੱਕੇ ਮੁਲਾਜ਼ਮਾਂ ਵਰਗੀਆਂ ਕਰੇ। ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤਾ ਜਾਂਦਾ ਲਾਰੇ-ਲੱਪੇ ਵਾਲਾ ਵਿਹਾਰ ਸਰਕਾਰੀ ਕੰਮ 'ਚ ਵਿਘਨ ਪਾਉਂਦਾ ਹੈ ਅਤੇ ਸਰਕਾਰ ਦੇ ਮੁਲਾਜ਼ਮਾਂ ਪ੍ਰਤੀ ਮਤਰੇਏ ਸਲੂਕ ਨੂੰ ਦਰਸਾਉਂਦਾ ਹੈ।"**



ਪੰਜਾਬ ਸਰਕਾਰ ਨੇ ਪਿਛਲਾ ਲੰਮਾ ਸਮਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਵਾਅਦੇ ਤਾਂ ਕੀਤੇ, ਵੱਡੇ-ਵੱਡੇ ਬਿਆਨ ਵੀ ਜਾਰੀ ਕੀਤੇ, ਪਰ ਅਮਲੀ ਤੌਰ ਉੱਤੇ ਮਹਿਕਮਿਆਂ 'ਚ ਭਰਤੀ ਕਰਨ ਲਈ ਪੂਰਾ ਇਕ ਦਹਾਕਾ ਉਹ ਕਦਮ ਨਹੀਂ ਪੁੱਟੇ, ਜੋ ਪੁੱਟੇ ਜਾਣੇ ਚਾਹੀਦੇ ਸਨ। ਸਰਕਾਰ ਨੇ ਦਰਜਨਾਂ ਦੀ ਗਿਣਤੀ 'ਚ ਪੇਸ਼ੇਵਰ ਯੂਨੀਵਰਸਿਟੀਆਂ ਅਤੇ ਸੈਂਕੜਿਆਂ ਦੀ ਗਿਣਤੀ 'ਚ ਮਹਿੰਗੇ ਪੇਸ਼ੇਵਰ ਕਾਲਜ ਖੋਲ੍ਹ ਕੇ, ਵੰਨ-ਸੁਵੰਨੀਆਂ ਡਿਗਰੀਆਂ-ਕੋਰਸ ਚਾਲੂ ਕਰਕੇ ਹਜ਼ਾਰਾਂ ਦੀ ਗਿਣਤੀ 'ਚ ਨੌਜਵਾਨ ਬੇਰੁਜ਼ਗਾਰਾਂ ਦੀ ਫ਼ੌਜ ਖੜ੍ਹੀ ਕਰ ਦਿੱਤੀ ਹੈ। ਇਨ੍ਹਾਂ ਦੀ ਗਿਣਤੀ ਵਿਚ ਸਾਲ-ਦਰ-ਸਾਲ ਵਾਧਾ ਹੋ ਰਿਹਾ ਹੈ। ਦੂਜੇ ਪਾਸੇ ਘੱਟ ਪੜ੍ਹੇ-ਲਿਖੇ ਉਨ੍ਹਾਂ ਨੌਜਵਾਨ ਮੁੰਡੇ-ਕੁੜੀਆਂ ਦੀ ਵੀ ਕਮੀ ਨਹੀਂ, ਜਿਹੜੇ ਸਰਕਾਰ ਦੀਆਂ ਥੋੜ੍ਹ-ਚਿਰੀਆਂ ਯੋਜਨਾਵਾਂ 'ਚ ਵਾਲੰਟੀਅਰਾਂ-ਵਰਕਰਾਂ ਵਜੋਂ ਭਰਤੀ ਕੀਤੇ ਜਾਂਦੇ ਹਨ ਅਤੇ ਨਿਗੂਣੀਆਂ ਤਨਖ਼ਾਹਾਂ ਉੱਤੇ ਨੌਕਰੀਆਂ ਕਰਨ ਲਈ ਮਜਬੂਰ ਕਰ ਦਿੱਤੇ ਜਾਂਦੇ ਹਨ।

**ਗੁਰਮੀਤ ਸਿੰਘ ਪਲਾਹੀ**
**98158-02070**



ਕੇਂਦਰ ਸਰਕਾਰ ਦੀਆਂ ਰਾਸ਼ਟਰੀ ਸਿਹਤ ਮਿਸ਼ਨ, ਆਂਗਣਵਾੜੀ ਜਾਂ ਮਨਰੇਗਾ, ਆਦਿ ਯੋਜਨਾਵਾਂ ਵਿਚ ਮੁਲਾਜ਼ਮਾਂ ਦਾ ਪੂਰਾ ਸ਼ੋਸ਼ਣ ਹੁੰਦਾ ਹੈ। ਇਨ੍ਹਾਂ ਯੋਜਨਾਵਾਂ 'ਚ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ ਨੂੰ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾਂਦੀ, ਜਦੋਂ ਕਿ ਭਾਰਤ ਦੀ 44ਵੀਂ, 45ਵੀਂ ਤੇ 46ਵੀਂ ਲੇਬਰ ਕਾਨਫ਼ਰੰਸ ਦੌਰਾਨ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਘੱਟੋ-ਘੱਟ ਉਜਰਤ ਦੇ ਘੇਰੇ ਵਿਚ ਲਿਆਉਣ ਦੀ ਸਿਫ਼ਾਰਸ਼ ਕੀਤੀ ਗਈ ਹੈ, ਜੋ ਘੱਟੋ-ਘੱਟ 18000 ਰੁਪਏ ਮਹੀਨਾ ਬਣਦੀ ਹੈ, ਜਦੋਂ ਕਿ ਉਨ੍ਹਾਂ ਤੋਂ ਵੱਖੋ-ਵੱਖਰੇ ਸਰਵੇ ਕਰਾਉਣ ਦਾ ਕੰਮ ਵੀ ਲਿਆ ਜਾਂਦਾ ਹੈ। ਇਨ੍ਹਾਂ ਆਂਗਣਵਾੜੀ ਵਰਕਰਾਂ ਦੇ ਜ਼ਿੰਮੇ ਮਾਸੂਮ ਬੱਚਿਆਂ ਦੀ ਸਿਹਤ ਅਤੇ ਉਨ੍ਹਾਂ ਦੇ ਵਿਕਾਸ ਦਾ ਕੰਮ ਹੈ। ਇਹੋ ਹਾਲ ਸਕੂਲਾਂ 'ਚ ਦੁਪਹਿਰ ਦਾ ਭੋਜਨ ਬਣਾਉਣ ਵਾਲੀਆਂ ਵਰਕਰਾਂ ਦਾ ਹੈ, ਜਿਨ੍ਹਾਂ ਨੂੰ ਤੁੱਛ ਜਿਹਾ ਸੇਵਾ ਫਲ ਦੇ ਕੇ ਲਗਪਗ ਪੂਰਾ ਦਿਨ ਉਨ੍ਹਾਂ ਤੋਂ ਰਸੋਈਏ ਤੋਂ ਲੈ ਕੇ ਭੋਜਨ ਵਰਤਾਵੇ ਤੱਕ ਦਾ ਕੰਮ ਲਿਆ ਜਾਂਦਾ ਹੈ।

ਮਨਰੇਗਾ ਅਤੇ ਰਾਸ਼ਟਰੀ ਸਿਹਤ ਮਿਸ਼ਨ 'ਚ ਕੰਮ ਕਰਦੇ ਸਿਹਤ ਵਰਕਰਾਂ, ਨਰਸਾਂ, ਏ.ਪੀ.ਓ., ਫ਼ੀਲਡ ਵਰਕਰਾਂ, ਕੰਪਿਊਟਰ ਓਪਰੇਟਰਾਂ ਤੋਂ ਕੰਮ ਤਾਂ ਪੂਰੇ ਸਰਕਾਰੀ ਕਰਮਚਾਰੀਆਂ ਜਿਹਾ ਲਿਆ ਜਾਂਦਾ ਹੈ, ਪਰ ਤਨਖ਼ਾਹ ਉਨ੍ਹਾਂ ਨੂੰ ਸਰਕਾਰੀ ਮੁਲਾਜ਼ਮਾਂ ਨੂੰ ਮਿਲਦੀਆਂ ਤਨਖ਼ਾਹਾਂ ਤੋਂ ਕਈ ਹਾਲਤਾਂ ਵਿਚ ਦਸਵਾਂ ਹਿੱਸਾ ਵੀ ਨਹੀਂ ਮਿਲਦੀ। ਇਹੋ ਹਾਲ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਗਏ ਸੁਵਿਧਾ ਸੈਂਟਰਾਂ ਦੇ ਕਰਮਚਾਰੀਆਂ ਦਾ ਹੈ, ਜਿਨ੍ਹਾਂ ਦੇ ਜ਼ਿੰਮੇ ਕੰਮ ਤਾਂ ਅੰਤਾਂ ਦਾ ਹੈ, ਪਰ ਤਨਖ਼ਾਹ ਨਿਗੂਣੀ ਜਿਹੀ ਅਤੇ ਨੌਕਰੀ ਦੀਆਂ ਸ਼ਰਤਾਂ ਬਿਲਕੁਲ ਅਸਥਾਈ ਹਨ। ਇਨ੍ਹਾਂ ਕਰਮਚਾਰੀਆਂ ਨੂੰ ਜ਼ਿਲ੍ਹਾ ਪੱਧਰ ਉੱਤੇ ਡੀ.ਸੀ. ਅਧੀਨ ਬਣਾਈਆਂ ਗ਼ੈਰ-ਸਰਕਾਰੀ ਸੰਸਥਾਵਾਂ ਰਜਿਸਟਰਡ ਕਰਵਾ ਕੇ ਮੁਲਾਜ਼ਮਤ ਦਿੱਤੀ ਗਈ ਹੈ, ਜਿਹੜੀਆਂ ਲੋਕਾਂ ਦੇ ਪੈਸੇ ਨਾਲ ਕੰਮ ਕਰਦੀਆਂ ਹਨ ਅਤੇ ਇਸੇ ਇਕੱਠੇ ਹੋਏ ਪੈਸੇ ਨਾਲ ਇਨ੍ਹਾਂ ਲੋਕ ਸੁਵਿਧਾਵਾਂ ਦਾ ਕੰਮ ਚਲਾਇਆ ਜਾਂਦਾ ਹੈ।

ਕੇਂਦਰ ਦੀ ਬਹੁ-ਚਰਚਿਤ ਸਕੀਮ ਮਨਰੇਗਾ ਦੀਆਂ ਦਫ਼ਤਰੀ-ਫ਼ੀਲਡ ਵਰਕਰ ਜਥੇਬੰਦੀਆਂ ਦੇ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਦਰ 'ਤੇ ਹਨ ਕਿ ਉਨ੍ਹਾਂ ਨੂੰ ਪੰਜਾਬ ਦੇ ਪੰਚਾਇਤ ਵਿਭਾਗ 'ਚ ਸਮੋਅ ਲਿਆ ਜਾਵੇ, ਜੋ ਗ਼ਲਤ ਵੀ ਨਹੀਂ ਹੈ। ਰਾਸ਼ਟਰੀ ਸਿਹਤ ਮਿਸ਼ਨ ਦੇ ਕਰਮਚਾਰੀ ਬਿਹਤਰ ਸਰਵਿਸ ਤੇ ਤਨਖ਼ਾਹਾਂ ਮੰਗ ਰਹੇ ਹਨ। ਪੰਜਾਬ ਦੀਆਂ ਨਰਸਾਂ, ਜੋ

ਕਈ ਸਾਲਾਂ ਤੋਂ ਆਰਜ਼ੀ ਤੌਰ 'ਤੇ ਸਿਹਤ ਵਿਭਾਗ 'ਚ ਕੰਮ ਕਰ ਰਹੀਆਂ ਹਨ, ਕਦੇ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹ ਕੇ ਆਪਣੀਆਂ ਮੰਗਾਂ ਮੰਨਵਾਉਣ ਲਈ ਯਤਨ ਕਰ ਰਹੀਆਂ ਹਨ ਅਤੇ ਕਿਧਰੇ ਆਂਗਣਵਾੜੀ ਵਰਕਰਾਂ ਮੰਤਰੀਆਂ, ਅਧਿਕਾਰੀਆਂ ਦੇ ਘਿਰਾਓ ਕਰ ਕੇ ਘੱਟੋ-ਘੱਟ ਮਿਥਿਆ ਡੀ ਸੀ ਵਰਕਰ ਰੇਟ ਮੰਗ ਕਰ ਰਹੀਆਂ ਹਨ। ਅਧਿਆਪਕਾਂ ਪੱਕੇ ਹੋਣ ਲਈ ਪੁਲਿਸ ਦੀਆਂ ਡਾਂਗਾਂ ਖਾ ਰਹੀਆਂ ਹਨ। ਫਾਰਮਾਸਿਸਟ ਪੱਕੇ ਕਰਮਚਾਰੀ ਬਣਨ ਲਈ ਵਾਹ ਲਾ ਰਹੇ ਹਨ। ਪੰਜਾਬ ਦੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਮੁਲਾਜ਼ਮ ਸਰਕਾਰੀ ਮੁਲਾਜ਼ਮਤ ਲੈਣ ਲਈ ਯਤਨਸ਼ੀਲ ਹਨ। ਗੱਲ ਕੀ, ਪੰਜਾਬ ਦੇ ਸਰਕਾਰੀ ਮਹਿਕਮਿਆਂ 'ਚ ਕੰਮ ਕਰ ਰਹੇ ਅਸੰਤੁਸ਼ਟ ਮੁਲਾਜ਼ਮ ਉਸ ਵੇਲੇ ਸਰਕਾਰ ਉੱਤੇ ਦਬਾਅ ਬਣਾ ਰਹੇ ਹਨ, ਜਦੋਂ ਹੁਣ ਵਾਲੀ ਸਰਕਾਰ ਰੁਖਸਤ ਹੋਣ ਵਾਲੀ ਹੈ। ਭਾਵੇਂ ਮਿਤੀ 12 ਜੁਲਾਈ 2016 ਦੀ ਕੈਬਨਿਟ ਮੀਟਿੰਗ ਵਿੱਚ ਪੰਜਾਬ 'ਚ ਠੇਕੇ 'ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੱਕੇ ਕਰਨ ਬਾਰੇ ਸਹਿਮਤੀ ਪ੍ਰਗਟ ਕੀਤੀ ਗਈ ਹੈ, ਪਰ ਨਾਲ ਦੀ ਨਾਲ ਇਸ ਕੰਮ ਲਈ ਇਕ ਕਮੇਟੀ ਦਾ ਗਠਨ ਵੀ ਕਰ ਦਿੱਤਾ ਗਿਆ ਹੈ। ਕੀ ਇਸ ਕਮੇਟੀ ਦਾ ਹਾਲ ਵੀ ਕਿਧਰੇ ਉਹੋ ਜਿਹਾ ਤਾਂ ਨਹੀਂ ਹੋ ਜਾਏਗਾ, ਜਿਹੋ ਜਿਹਾ ਸਿੱਖਿਆ ਰੈਗੂਲੇਟਰੀ ਕਮੇਟੀ ਦਾ ਕੀਤਾ ਗਿਆ ਹੈ? ਪੰਜਾਬ ਦੀ ਸਰਕਾਰ ਜਾਣਦਿਆਂ ਵੀ ਅਣਜਾਣ ਬਣੀ ਹੋਈ ਹੈ ਤੇ ਇਨ੍ਹਾਂ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ।

ਅਸਲ ਵਿਚ ਸਰਕਾਰ ਥੋੜ੍ਹ-ਚਿਰੀਆਂ ਯੋਜਨਾਵਾਂ ਤਹਿਤ ਮੁਲਾਜ਼ਮ ਭਰਤੀ ਕਰਕੇ ਉਨ੍ਹਾਂ ਯੋਜਨਾਵਾਂ ਨੂੰ ਲੰਮਾ ਸਮਾਂ ਚਲਾ ਕੇ ਮੁਲਾਜ਼ਮਾਂ ਦਾ ਵੱਡਾ ਸ਼ੋਸ਼ਣ ਕਰਦੀ ਹੈ। ਭਾਰਤ ਸਰਕਾਰ ਦੇ ਮਨੁੱਖੀ ਵਿਕਾਸ ਮੰਤਰਾਲੇ ਵੱਲੋਂ 30 ਵਰ੍ਹੇ ਤੋਂ ਵੱਧ ਸਮਾਂ ਚਲਾਈ ਗਈ ਕਮਿਊਨਿਟੀ ਪੌਲੀਟੈਕਨਿਕ ਸਕੀਮ ਇਸ ਦੀ ਵੱਡੀ ਉਦਾਹਰਨ ਹੈ, ਜਿਸ ਅਧੀਨ ਸਕਿੱਲ ਵਿਕਾਸ ਦੇ ਨਾਂਅ ਉੱਤੇ ਪੌਲੀਟੈਕਨਿਕਾਂ 'ਚ ਥੋੜ੍ਹੇ ਸਮੇਂ ਦੇ ਕੋਰਸ ਚਲਾਏ ਗਏ। ਇਨ੍ਹਾਂ ਕੋਰਸਾਂ ਨੂੰ ਨੇਪਰੇ ਚਾੜ੍ਹਨ ਲਈ ਥੋੜ੍ਹੀਆਂ ਤਨਖ਼ਾਹਾਂ ਉੱਤੇ ਇੰਜੀਨੀਅਰ, ਵੋਕੇਸ਼ਨਲ ਟੀਚਰ ਅਤੇ ਹੋਰ ਮੁਲਾਜ਼ਮ ਭਰਤੀ ਕੀਤੇ ਗਏ ਤੇ ਫਿਰ ਸਕੀਮ ਨੂੰ ਬੰਦ ਕਰ ਦਿੱਤਾ ਗਿਆ।

ਪੰਜਾਬ ਦੀ ਸਰਕਾਰ ਵੱਲੋਂ ਵੀ ਸਿੱਖਿਆ ਮਹਿਕਮੇ 'ਚ ਅਧਿਆਪਕਾਂ ਦੀ ਭਰਤੀ ਕਦੇ ਠੇਕੇ 'ਤੇ ਕੀਤੀ ਜਾਂਦੀ ਹੈ ਅਤੇ ਪੀ.ਟੀ.ਏ. (ਮਾਪੇ-ਅਧਿਆਪਕ ਐਸੋਸੀਏਸ਼ਨ) ਬਣਾ ਕੇ ਬਾਰ੍ਹਵੀਂ ਪਾਸ ਅਣ-ਟਰੇਂਡ ਅਧਿਆਪਕ ਕੁਝ ਸੈਂਕੜੇ ਰੁਪਏ ਮਹੀਨਾ 'ਤੇ ਭਰਤੀ ਕਰ ਲਏ ਜਾਂਦੇ ਹਨ। ਇਹੋ ਹਾਲ ਸਿਹਤ ਵਿਭਾਗ ਵਿਚ ਹੈ, ਜਿੱਥੇ ਦਾਈਆਂ, ਨਰਸਾਂ, ਲੈਬ ਤਕਨੀਸ਼ੀਅਨ, ਫਾਰਮਾਸਿਸਟ ਠੇਕੇ 'ਤੇ ਭਰਤੀ ਕੀਤੇ ਗਏ ਹਨ। ਇੰਜ ਹੀ ਪੰਜਾਬ ਦੇ ਵੱਖੋ-ਵੱਖਰੇ ਸਰਕਾਰੀ ਮਹਿਕਮਿਆਂ 'ਚ ਦਿਹਾੜੀ 'ਤੇ ਮਜ਼ਦੂਰ, ਡਰਾਈਵਰ ਅਤੇ ਹੋਰ ਭਰਤੀ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਮੁਲਾਜ਼ਮਾਂ ਨੂੰ ਵਰ੍ਹਿਆਂ ਦੇ ਵਰ੍ਹੇ ਪੱਕਾ ਤੱਕ ਨਹੀਂ ਕੀਤਾ ਜਾਂਦਾ। ਮਿਊਂਸਪਲ ਕਮੇਟੀਆਂ, ਕਾਰਪੋਰੇਸ਼ਨਾਂ 'ਚ ਵੀ ਸਫ਼ਾਈ ਸੇਵਕ, ਕੰਪਿਊਟਰ ਓਪਰੇਟਰ, ਮਾਲੀ, ਆਦਿ ਦੀ ਭਰਤੀ ਆਰਜ਼ੀ ਤੌਰ 'ਤੇ ਕਰ ਲਈ ਜਾਂਦੀ ਹੈ। ਸਰਕਾਰਾਂ ਦਾ ਆਰਜ਼ੀ ਪ੍ਰਬੰਧ ਕਰ ਕੇ ਸ਼ਾਸਨ ਚਲਾਉਣ ਦਾ ਵਰਤਾਰਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਮੰਨਿਆ ਜਾ ਸਕਦਾ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰੇ, ਉਨ੍ਹਾਂ ਦੀ ਨੌਕਰੀ ਦੀਆਂ ਸੇਵਾ ਸ਼ਰਤਾਂ ਪੱਕੇ ਮੁਲਾਜ਼ਮਾਂ ਵਰਗੀਆਂ ਕਰੇ। ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤਾ ਜਾਂਦਾ ਲਾਰੇ-ਲੱਪੇ ਵਾਲਾ ਵਿਹਾਰ ਸਰਕਾਰੀ ਕੰਮ 'ਚ ਵਿਘਨ ਪਾਉਂਦਾ ਹੈ ਅਤੇ ਸਰਕਾਰ ਦੇ ਮੁਲਾਜ਼ਮਾਂ ਪ੍ਰਤੀ ਮਤਰੇਏ ਸਲੂਕ ਨੂੰ ਦਰਸਾਉਂਦਾ ਹੈ। ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਲਈ ਸੱਤਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਈ ਸੇਵਾ-ਮੁਕਤ ਆਈ.ਏ.ਐੱਸ. ਅਧਿਕਾਰੀ ਨੂੰ ਚੇਅਰਮੈਨ ਤਾਂ ਲਗਾ ਦਿੱਤਾ ਗਿਆ ਹੈ, ਪਰ ਸਮਾਂ ਬੀਤਣ 'ਤੇ ਵੀ ਇਹ ਕਮਿਸ਼ਨ ਕੰਮ ਕਰਨ ਨਹੀਂ ਲੱਗ ਸਕਿਆ, ਕਿਉਂਕਿ ਇਸ ਨੂੰ ਸਟਾਫ ਆਦਿ ਨਹੀਂ ਦਿੱਤਾ ਗਿਆ।

ਕੀ ਸਰਕਾਰ ਦਾ ਮੁਲਾਜ਼ਮਾਂ ਪ੍ਰਤੀ ਇਹ ਰਵੱਈਆ ਜਾਇਜ਼ ਹੈ? ਆਖ਼ਰ ਸਰਕਾਰ ਕਦੋਂ ਹਰ ਕੰਮ ਵੋਟਾਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਸਿਰਫ਼ ਲੋਕ ਭਲਾਈ ਹਿੱਤ ਕਰਨ ਦੇ ਰਾਹ ਪਵੇਗੀ?

## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਨਸ਼ੇ ਅਤੇ ਪੰਜਾਬ

ਪੰਜਾਬੀ ਗੱਭਰੂ ਦਾ ਜ਼ਿਕਰ ਆਉਂਦੇ ਹੀ ਅੱਖਾਂ ਸਾਹਮਣੇ ਉੱਚੇ ਲੰਮੇ, ਚੌੜੀ ਛਾਤੀ ਵਾਲੇ ਇਨਸਾਨ ਦੀ ਤਸਵੀਰ ਆ ਜਾਂਦੀ ਹੈ। ਜਦੋਂ ਇਹ ਲੜਾਈ ਦੇ ਮੈਦਾਨ ਵਿਚ ਗਰਜਦੇ ਨੇ ਤਾਂ ਦੁਸ਼ਮਨਾਂ ਨੂੰ ਪਿੱਠ ਮੋੜ ਕੇ ਭਜਣਾ ਪੈਂਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਦਾ ਸਲਾਹਕਾਰ ਵੀ ਐਸ ਵੇਲੇ ਪੰਜਾਬੀ ਹੈ। ਜੇ ਅਮੀਰੀ ਵਜੋਂ ਤੱਕੀਏ ਤਾਂ ਵੀ ਚੋਟੀ ਦੇ ਗਿਣੇ ਚੁਣੇ ਅਮੀਰਾਂ ਵਿੱਚੋਂ, ਬਥੇਰੇ ਪੰਜਾਬੀ ਹੀ ਹਨ। ਗੱਲ ਕੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਓ, ਕੋਈ ਨਾ ਕੋਈ ਪੰਜਾਬੀ ਜ਼ਰੂਰ ਮਿਲ ਜਾਂਦਾ ਹੈ।

ਅੱਜ ਜੇ ਪੰਜਾਬ ਦੇ ਪਿੰਡਾਂ ਵਿਚ ਝਾਤ ਮਾਰੀਏ ਤਾਂ ਦਹਿਸ਼ਤ ਆਉਂਦੀ ਹੈ। ਅਫ਼ੀਮ ਭੁੱਕੀ ਖਾ-ਖਾ ਕੇ ਸੁੱਕੇ ਮਰੇ ਹੋਏ ਜਿਸਮ ਮੂਧੇ ਮੂੰਹ ਨਾਲੀ ਵਿਚ ਡਿੱਗੇ ਹੋਏ ਪਏ ਮਿਲਦੇ ਹਨ। ਪੈਸਿਆਂ ਲਈ ਗਿੜਗਿੜਾਉਂਦੇ, ਹੱਥ ਅੱਡਦੇ ਇਧਰ ਉਧਰ ਭਟਕਦੇ, ਅਤੇ ਖ਼ੁਦਕੁਸ਼ੀਆਂ ਕਰਦੇ ਫਿਰਦੇ ਹਨ ਕਿਉਂਕਿ ਬਹੁਤਿਆਂ ਨੇ ਜ਼ਮੀਨਾਂ ਵੇਚ ਕੇ ਨਸ਼ਿਆਂ ਦੇ ਹਵਾਲੇ ਕਰ ਦਿੱਤੀਆਂ ਹਨ। ਪੰਜਾਬੀਆਂ ਦੀ ਅਜਿਹੀ ਤਰਸਯੋਗ ਹਾਲਤ ਵੇਖ ਕੇ ਕਿਸੇ ਦਾ ਵੀ ਦਿਲ ਕੰਬ ਉਠੇਗਾ।

ਬੱਚਿਆਂ ਨੇ ਹੀ ਕਿਸੇ ਕੌਮ ਜਾਂ ਦੇਸ਼ ਦੀ ਤਾਕਤ ਜਾਂ ਕਮਜ਼ੋਰੀ ਬਣਨਾ ਹੁੰਦਾ ਹੈ। ਜਵਾਨ ਬੱਚੇ ਜਦੋਂ ਨਸ਼ਿਆਂ ਵਿਚ ਡੁੱਬਦੇ ਹਨ ਤਾਂ ਨਸ਼ੇ ਦੇ ਅਸਰ ਹੇਠ ਸਮਾਜਕ ਬੁਰਾਈਆਂ ਵਲ ਸਹਿਜੇ ਹੀ ਧੱਕੇ ਜਾਂਦੇ ਹਨ। ਸਕੂਲਾਂ ਵਿਚ ਪਹਿਲਾਂ ਸਬਕ ਪੜ੍ਹਾਇਆ ਜਾਂਦਾ ਹੈ ਤੇ ਫੇਰ ਇਮਤਿਹਾਨ ਹੁੰਦਾ ਹੈ ਪਰ ਅਸਲੀ ਜ਼ਿੰਦਗੀ ਦੀ ਮੁਸੀਬਤ ਇਹ ਹੈ ਕਿ ਇਮਤਿਹਾਨ ਪਹਿਲਾਂ ਹੁੰਦੇ ਹਨ ਤੇ ਸਬਕ ਫੇਰ ਮਿਲਦਾ ਹੈ। ਏਸੇ ਹੀ ਤਰ੍ਹਾਂ ਨਸ਼ੇ ਵਿਚ ਡੁੱਬਣ ਵਾਲੇ ਜਵਾਨ ਬੱਚਿਆਂ ਦਾ ਹਾਲ ਹੁੰਦਾ ਹੈ। ਸਿਹਤ ਖਰਾਬ ਕਰਕੇ ਨਸ਼ੇ ਤੇ ਤੌਬਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਬਹੁਤੀ ਵਾਰ ਇਹ ਕੋਸ਼ਿਸ਼ ਕਾਮਯਾਬ ਹੁੰਦੀ ਨਹੀਂ ਤੇ ਨਾ ਹੀ ਦੂਸਰੇ ਬੱਚੇ ਇਸ ਤੋਂ ਸਬਕ ਲੈਣ ਦੀ ਕੋਸ਼ਿਸ਼ ਕਰਦੇ ਹਨ। ਬਹੁਤੇ ਬੱਚੇ ਆਪ ਇਸਨੂੰ ਅਜ਼ਮਾ ਕੇ ਹੀ ਤੌਬਾ ਕਰਨੀ ਚਾਹੁੰਦੇ ਹਨ। ਜਿਹੜੇ ਤਾਂ ਸਵਾਦ ਚੱਖ ਕੇ ਹਟ ਗਏ, ਉਹ ਤਾਂ ਸਮਝੋ ਤਰ ਗਏ ਪਰ ਜਿਹੜੇ ਇਸ ਦਲਦਲ ਵਿਚ ਫਸ ਗਏ, ਉਹ ਆਪ ਤਾਂ ਡੁੱਬਦੇ ਹੀ ਹਨ, ਆਪਣੇ ਟੱਬਰ ਨੂੰ ਵੀ ਲੈ ਡੁੱਬਦੇ ਹਨ।


**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**




ਭੰਗ, ਗਾਂਜਾ ਜਾਂ ਹਸ਼ੀਸ ਲੈਣ ਨਾਲ ਬੰਦਾ ਰੰਗ ਬਿਰੰਗੇ ਸੁਫ਼ਨਿਆਂ ਦੀ ਦੁਨੀਆ ਵਿਚ ਪਹੁੰਚ ਜਾਂਦਾ ਹੈ, ਮਸਤ ਹੋ ਜਾਂਦਾ ਹੈ, ਖੁਸ਼ੀ ਦਾ ਅਹਿਸਾਸ ਪਾਲ ਲੈਂਦਾ ਹੈ ਅਤੇ ਸਭ ਬੰਦਸ਼ਾਂ ਤੋੜ ਦਿੰਦਾ ਹੈ। ਉਸ ਨੂੰ ਵਕਤ ਅਤੇ ਥਾਂ ਦੀ ਹੋਸ਼ੋ-ਹਵਾਸ ਨਹੀਂ ਰਹਿੰਦੀ, ਬੌਖ਼ਲਾਹਟ ਵਿਚ ਫਿਰਨ ਲੱਗ ਪੈਂਦਾ ਹੈ, ਆਪਣੇ ਆਪ ਦੀ ਪਛਾਣ ਹੀ ਨਹੀਂ ਰਹਿੰਦੀ ਤੇ ਬੰਦਾ ਸੋਚਦਾ ਹੈ ਕਿ ਉਹ ਆਪਣੇ ਹੀ ਸਰੀਰ ਤੋਂ ਬਾਹਰ ਖੜਾ ਹੈ। ਉਸਨੂੰ ਅਸੀਮ ਘਬਰਾਹਟ ਵੀ ਹੋ ਸਕਦੀ ਹੈ, ਅਲਗ-ਅਲਗ ਤਰ੍ਹਾਂ ਦੇ ਰੰਗ ਦਿਸਣ ਲੱਗ ਪੈਂਦੇ ਹਨ, ਰੋਸ਼ਨੀ ਦਾ ਅਹਿਸਾਸ ਵੀ ਘਟ ਜਾਂਦਾ ਹੈ ਤੇ ਬੰਦਾ ਬਹੁਤੀ ਦੇਰ ਅੱਖਾਂ ਖੋਲ੍ਹ ਨਹੀਂ ਸਕਦਾ। ਨਸ਼ੀਲੇ ਪਦਾਰਥਾਂ ਨੂੰ ਚੱਖਣ ਦੀ ਹੋੜ ਇਸ ਕਦਰ ਵੱਧ ਰਹੀ ਹੈ ਕਿ ਜਿੱਥੇ ਜਵਾਨ ਬੱਚੇ ਆਪਣੀ ਜਵਾਨੀ ਗਾਲ ਰਹੇ ਹਨ ਉੱਥੇ ਬਾਕੀ ਸਾਰਾ ਟੱਬਰ ਵੀ ਤਬਾਹ ਹੋ ਜਾਂਦਾ ਹੈ। ਪਿੰਡਾਂ ਦੇ ਪਿੰਡ ਇਨ੍ਹਾਂ ਨਸ਼ਿਆਂ ਵਿਚ ਡੁੱਬਦੇ ਜਾ ਰਹੇ ਹਨ।

ਨਵਜੰਮੇ ਬੱਚੇ ਵੀ ਇਸਦੀ ਮਾਰ ਤੋਂ ਨਹੀਂ ਬੱਚ ਰਹੇ। ਪਿੰਡਾਂ ਵਿਚ ਆਮ ਹੀ ਮਾਵਾਂ ਅਫ਼ੀਮ ਚਟਾ ਕੇ ਬੱਚੇ ਸੁਆ ਕੇ ਕੰਮ ਤੇ ਲੱਗ ਜਾਂਦੀਆਂ ਹਨ। ਖੇਤਾਂ ਵਿਚ ਕੰਮ ਕਰਕੇ ਮਜ਼ਦੂਰ ਵੀ ਭੰਗ ਜਾਂ ਅਫ਼ੀਮ ਖਾ ਕੇ ਕੰਮ ਵਿਚ ਮਸਤ ਲੱਗੇ ਰਹਿੰਦੇ ਹਨ। ਉਹ ਵਿਚਾਰਿਆਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਦੀ ਸੋਚਣ ਸਮਝਣ ਦੀ ਸ਼ਕਤੀ ਨੂੰ ਕਿਵੇਂ ਇਹ ਨਸ਼ਾ ਘੁਣ ਵਾਂਗ ਚਟ ਕਰ ਰਿਹਾ ਹੈ ਤੇ ਹੌਲੀ-ਹੌਲੀ ਉਨ੍ਹਾਂ ਦਾ ਸਰੀਰ ਵੀ ਖੇਰੂ-ਖੇਰੂ ਹੋ ਰਿਹਾ ਹੈ।

ਜਿੱਥੇ ਰਾਜਸਥਾਨ, ਗੁਜਰਾਤ ਤੇ ਮਧ ਪ੍ਰਦੇਸ਼ ਨਸ਼ਾ ਉਗਾਉਣ ਵਿਚ ਲੱਗੇ ਹੋਏ ਹਨ, ਉੱਥੇ ਹਰਿਆਣੇ ਦਾ ਇਕ ਪਿੰਡ ਅਜਿਹਾ ਹੈ ਜਿਸਦਾ ਬੱਚਾ-ਬੱਚਾ ਅਫ਼ੀਮ, ਸੁਲਫ਼ਾ, ਸਮੈਕ, ਗਾਂਜਾ ਤੇ ਹੈਰੋਨ ਵੇਚਣ ਵਿਚ ਲੱਗਾ ਹੋਇਆ ਹੈ।

ਟਨਾਂ ਦੀ ਮਿਕਦਾਰ ਵਿਚ ਵਿਕ ਰਿਹਾ ਇਹ ਨਸ਼ਾ ਪੰਜਾਬ ਦੀਆਂ ਜੜ੍ਹਾਂ ਵਿਚ ਤੇਲ ਪਾਉਣ ਵਿਚ ਸਹਾਈ ਸਿੱਧ ਹੋ ਰਿਹਾ ਹੈ। ਹਾਲਾਂਕਿ ਨਸ਼ਿਆਂ ਦੀ ਤਸਕਰੀ ਇਸ ਤੋਂ ਕਈ ਗੁਣਾ ਵੱਧ ਹੈ। ਏਨੇ ਕੁ ਕੇਸਾਂ ਵਿਚੋਂ ਹੀ ਬਰਾਮਦ ਹੋਏ ਨਸ਼ਿਆਂ ਦੀ ਮਾਤਰਾ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਰਤੋਂ ਵਿਚ ਵਾਧਾ ਕਿੰਨੀ ਤੇਜ਼ੀ ਨਾਲ ਹੋ ਰਿਹਾ ਹੈ।

ਜਿਹੜੇ ਪੰਜਾਬ ਵਿੱਚੋਂ ਅਜੇ ਤੱਕ ਇੱਥੋਂ ਦੇ ਮਿਹਨਤੀ ਦੇ ਤਗੜੇ ਮੁੱਛ ਫੁਟ ਗੱਭਰੂ ਸਾਰੇ ਹਿੰਦੁਸਤਾਨ ਨੂੰ ਕਣਕ ਪਹੁੰਚਾਉਂਦੇ ਸਨ ਤੇ ਜਿੱਥੋਂ ਦੇ ਬਜ਼ੁਰਗ ਅੱਜ ਵੀ ਬੋਰੀ ਭਰੀ ਕਣਕ ਦੀ ਸਹਿਜੇ ਹੀ ਪਿੱਠ ਤੇ ਚੁੱਕ ਲੈਂਦੇ ਹਨ, ਉੱਥੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਨਵਜੰਮੇ ਬੱਚੇ ਤੋਂ ਲੈ ਕੇ ਭਰ ਜਵਾਨ ਪੰਜਾਬੀ ਨੌਜਵਾਨ ਠਾਠਾਂ ਮਾਰਦੇ ਨਸ਼ੇ ਦੇ ਦਰਿਆ ਵਿਚ ਡੁੱਬਣ ਲਈ ਤਿਆਰ ਬੈਠੇ ਹਨ। ਮੈਨੂੰ ਦੁਨੀਆ ਦੇ ਕਿਸੇ ਵੱਡੇ ਧਾਰਮਿਕ ਆਗੂ ਦਾ ਪਤਾ ਨਹੀਂ ਜਿਸਨੇ ਆਪਣੇ ਪੈਰੋਕਾਰਾਂ ਨੂੰ ਨਸ਼ਿਆਂ ਤੋਂ ਏਨੀ ਸ਼ਿੱਦਤ ਨਾਲ ਰੋਕਿਆ ਹੋਵੇ ਜਿੰਨੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਰੋਕਿਆ ਸੀ।

ਜੇ ਵੇਲੇ ਸਿਰ ਇਸਨੂੰ ਠੱਲ ਨਾ ਪਾਈ ਗਈ ਤਾਂ ਉਹ ਵੇਲਾ ਦੂਰ ਨਹੀਂ ਜਦੋਂ ਪੰਜਾਬੀ ਗੱਭਰੂ ਨਸ਼ਿਆਂ ਕਾਰਨ ਨਪੁੰਸਕ ਹੋ ਜਾਣਗੇ ਤੇ ਪੂਰੀ ਕੌਮ ਤਬਾਹ ਹੋ ਜਾਏਗੀ। ਮੇਰੀ ਮਾਪਿਆਂ, ਬਜ਼ੁਰਗਾਂ ਅਤੇ ਅਧਿਆਪਕਾਂ ਅੱਗੇ ਹੱਥ ਬੰਨ੍ਹ ਕੇ ਅਰਜ਼ ਹੈ ਕਿ ਜੇ ਆਪਣਿਆਂ ਬੱਚਿਆਂ ਨੂੰ ਤਬਾਹੀ ਤੋਂ ਬਚਾਉਣਾ ਹੈ ਤਾਂ ਇਨ੍ਹਾਂ ਨੂੰ ਪਿਆਰ ਦਿਓ ਤੇ ਵੇਲੇ ਸਿਰ ਇਨ੍ਹਾਂ ਦੀਆਂ ਗੁੰਝਲਾਂ ਸੁਲਝਾਓ ਤਾਂ ਜੋ ਉਹ ਰੋਗੀ ਰੁਚੀਆਂ ਤੋਂ ਬਚੇ ਰਹਿਣ ਅਤੇ ਉਸਾਰੂ ਕੰਮਾਂ ਵਿਚ ਲੱਗਣ।

# ਮਾਰਗ-ਦਰਸ਼ਨ ਦੀ ਲੋੜ ਹੈ ਇਟਲੀ ਵਸਦੇ ਪੰਜਾਬੀ ਨੌਜਵਾਨਾਂ ਨੂੰ

ਇੰਦਰਜੀਤ ਸਿੰਘ ਲੁਗਾਣਾ

ਇਟਲੀ ਯੂਰਪ ਦਾ ਅਜਿਹਾ ਦੇਸ਼ ਹੈ ਜਿਹੜਾ ਕਿ ਭਾਰਤੀ ਭਾਈਚਾਰੇ ਦੀ ਪਹਿਲੀ ਪਸੰਦ ਵਜੋਂ ਜਾਣਿਆ ਜਾਂਦਾ ਹੈ। ਇਸ ਦੇਸ਼ ਵਿਚ ਚਾਹੇ ਭਾਰਤੀ ਲੋਕਾਂ ਦੀ ਗਿਣਤੀ ਕੁਝ ਲੱਖ ਹੀ ਹੈ ਪਰ ਇਸ ਦੇ ਬਾਵਜੂਦ ਇਹ ਦੇਸ਼ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ ਭਾਰਤੀਆਂ ਦੀਆਂ ਸਰਗਰਮੀਆਂ ਤੋਂ ਬਾਅਦ ਯੂਰਪ ਭਰ ਵਿਚ ਮੋਹਰੀ ਦੇਸ਼ ਹੈ ਜਿੱਥੇ ਕਿ ਭਾਰਤੀ ਖਾਸਕਰ ਪੰਜਾਬੀ ਸਭ ਤੋਂ ਵੱਧ ਸਰਗਰਮ ਹਨ। ਇਹ ਸਰਗਰਮੀਆਂ ਚਾਹੇ ਕਿੱਤੇ ਪ੍ਰਤੀ ਹਨ ਚਾਹੇ ਧਰਮ ਪ੍ਰਤੀ, ਪੰਜਾਬੀ ਦਿਲੋਂ ਹਰ ਕੰਮ ਨੂੰ ਅੰਜਾਮ ਦੇ ਰਹੇ ਹਨ। ਜਿਵੇਂ-ਜਿਵੇਂ ਇਟਲੀ ਵਿਚ ਪੰਜਾਬੀਆਂ ਦੀ ਗਿਣਤੀ ਵਧੀ ਉਵੇਂ ਹੀ ਇੱਥੇ ਪੰਜਾਬੀਆਂ ਦੇ ਹਾਲਾਤ ਵੀ ਬਦ ਤੋਂ ਬਦਤਰ ਹੋਣੇ ਸ਼ੁਰੂ ਹੋ ਗਏ। ਮਿਹਨਤ ਮੁਸ਼ੱਕਤ, ਇਮਾਨਦਾਰੀ ਅਤੇ ਦ੍ਰਿੜ੍ਹ ਇਰਾਦਿਆਂ ਵਾਲੇ ਪੰਜਾਬੀ ਭਾਰਤੀਆਂ ਨੇ ਉਨ੍ਹਾਂ ਕੰਮਾਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਕਿ ਉਹ ਆਪ ਹੀ ਬਦਨਾਮ ਨਹੀਂ ਹੋਏ, ਸਗੋਂ ਇਸ ਨਾਲ ਭਾਰਤ ਦੀ ਗੌਰਵਮਈ ਸਾਖ਼ ਨੂੰ ਵੀ ਵੱਡੇ ਪੱਧਰ 'ਤੇ ਢਾਅ ਲੱਗੀ।



ਹਾਲ ਹੀ ਵਿਚ ਹੋਈਆਂ ਕੁਝ ਅਜਿਹੀਆਂ ਘਟਨਾਵਾਂ ਜਿਵੇ ਨਸ਼ਿਆਂ ਦੇ ਕਾਰੋਬਾਰ ਵਿਚ, ਚੋਰੀ ਦੀਆਂ ਵਾਰਦਾਤਾਂ ਵਿਚ, ਗੁਰੂਘਰਾਂ ਵਿਚ ਜਾਂ ਬਾਹਰ ਲੜਾਈਆਂ ਵਿਚ ਅਤੇ ਹੋਰ ਅਨੇਕਾਂ ਗ਼ੈਰ-ਕਾਨੂੰਨੀ ਕੰਮਾਂ ਵਿਚ ਪੰਜਾਬੀਆਂ ਦੇ ਸ਼ਰੀਕ ਹੋਣ ਨੇ ਇਹ ਸੋਚਣ ਉੱਤੇ ਮਜਬੂਰ ਕਰ ਦਿੱਤਾ ਹੈ ਕਿ ਭਾਰਤ ਤੋਂ ਆਏ ਪੰਜਾਬੀ ਨੌਜਵਾਨ ਆਖਰ ਕਿਉਂ ਇਹ ਗ਼ਲਤ ਰਸਤਾ ਅਖ਼ਤਿਆਰ ਕਰ ਰਹੇ ਹਨ। ਨਾਲ ਹੀ ਇਟਲੀ ਵਿਚ ਰਹਿ ਰਹੇ ਪੰਜਾਬੀ ਸਮਾਜ ਦੇ ਆਗੂ ਅਤੇ ਧਾਰਮਿਕ ਨੇਤਾ ਕਿਉਂ ਇਸ ਗੰਭੀਰ ਮਸਲੇ ਉੱਪਰ ਚੁੱਪ ਧਾਰੀ ਬੈਠੇ ਹਨ। ਜਦੋਂ ਇਹ ਆਗੂ ਆਪਣੇ ਸੁਆਰਥ ਲਈ ਭਾਰਤੀ ਸਮਾਜ ਨਾਲ ਜੁੜੀ ਛੋਟੀ ਤੋਂ ਛੋਟੀ ਰਾਜਨੀਤਕ ਅਤੇ ਸਮਾਜਿਕ ਘਟਨਾ ਮੌਕੇ ਸਿਆਸੀ ਲਾਹਾ ਲੈਣ ਤੋਂ ਪਿੱਛੇ ਨਹੀਂ ਰਹਿੰਦੇ ਤਾਂ ਇਸ ਬਹੁਤ ਹੀ ਸੰਵੇਦਨਸ਼ੀਲ ਮੁੱਦੇ ਦਾ ਕੋਈ ਸਾਰਥਕ ਹੱਲ ਲੱਭਣ ਲਈ ਇਹ ਸੰਜੀਦਾ ਕਿਉਂ ਨਹੀਂ ਹੁੰਦੇ।

ਜ਼ਿਕਰਯੋਗ ਹੈ ਕਿ ਇਸ ਸਮੇਂ ਇਟਲੀ ਵਿਚ 50 ਤੋਂ ਵੱਧ ਗੁਰਦੁਆਰਾ ਸਾਹਿਬ ਅਤੇ ਕਈ ਧਾਰਮਿਕ ਤੇ ਸਿਆਸੀ ਸੰਸਥਾਵਾਂ ਦੇ ਸਿਰਕੱਢ ਆਗੂ ਹਨ, ਜਿਹੜੇ ਕਿ ਇਨ੍ਹਾਂ ਨੌਜਵਾਨਾਂ ਨੂੰ ਜੁਰਮ ਦੀ ਦੁਨੀਆ ਵਿਚ ਜਾਣ ਤੋਂ ਜਾਗਰੂਕ ਕਰ ਸਕਦੇ ਹਨ ਪਰ ਅਫ਼ਸੋਸ ਹੁਣ ਤੱਕ ਕੋਈ ਵੀ ਸਿਆਸੀ ਅਤੇ ਧਾਰਮਿਕ ਆਗੂ ਖੁੱਲ੍ਹ ਕੇ ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਅੱਗੇ ਆਉਣਾ ਤਾਂ ਦੂਰ ਦੀ ਗੱਲ, ਮੀਡੀਏ ਵਿਚ ਵੀ ਬੋਲਣ ਦੀ ਹਿੰਮਤ ਨਹੀਂ ਜੁਟਾ ਸਕਿਆ। ਸ਼ਾਇਦ ਬਹੁਤੇ ਆਗੂ ਸਮਾਜ ਵਿੱਚ ਆਪਣਾ ਰੁਤਬਾ ਹੀ ਗੁਆ ਚੁੱਕੇ ਹਨ ਜਾਂ ਫਿਰ ਇੰਝ ਕਹਿ ਲਿਆ ਜਾਵੇ ਕਿ ਲੋਕ ਇਨ੍ਹਾਂ ਉੱਪਰ ਰਤੀ ਭਰ ਵੀ ਯਕੀਨ ਕਰਨ ਨੂੰ ਤਿਆਰ ਨਹੀਂ। ਕੁਝ ਆਗੂਆਂ ਨੇ ਲੋਕਾਂ ਦਾ ਵਿਸ਼ਵਾਸ ਗੁਆਉਣ ਦੇ ਬਾਵਜੂਦ ਆਪਣੀਆਂ ਅਹੁਦੇਦਾਰੀਆਂ ਨੂੰ ਏਨੀ ਜ਼ੋਰ ਨਾਲ ਲਪੇਟਾ ਪਾ ਰੱਖਿਆ ਹੈ ਕਿ ਚਾਹੇ ਜੋ ਮਰਜ਼ੀ ਹੋ ਜਾਵੇ, ਇਹ ਭੱਦਰਪੁਰਸ਼ ਪ੍ਰਧਾਨਗੀ ਨਹੀਂ ਛੱਡਦੇ। ਕੁਝ ਧਾਰਮਿਕ ਆਗੂ ਤਾਂ ਅਜਿਹੇ ਹਨ ਕਿ ਆਪਣੀ ਚੌਧਰ ਨੂੰ ਬਰਕਰਾਰ ਰੱਖਣ ਲਈ ਗੁਰਦੁਆਰਾ ਸਾਹਿਬ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਤੋਂ ਵੀ ਨਹੀਂ ਝਿਜਕਦੇ ਅਤੇ ਬਾਅਦ ਵਿਚ ਆਪੇ ਹੀ ਕੀਤੀ ਗੁਰੂ ਦੀ ਬੇਅਦਬੀ ਉਪਰ ਇੰਝਅ ਫ਼ਸੋਸਜ਼ ਾਹਰਕ ਰਦੇਹ ਨ ਜਿਵੇਂ ਭਾਰਤ ਦਾ ਗੁਆਂਢੀ ਮੁਲਕ ਪਾਕਿਸਤਾਨ ਭਾਰਤੀ ਸਰਹੱਦਾਂ ਉੱਪਰ ਹੋ ਰਹੇ ਅੱਤਵਾਦੀ ਹਮਲਿਆਂ ਨੂੰ ਮਾੜਾ ਕਹਿ ਕੇ ਕਰਦਾ ਹੈ।

ਇਟਲੀ ਦੇ ਜਿਹੜੇ ਪੰਜਾਬੀ ਨੌਜਵਾਨ ਗ਼ਲਤ ਰਸਤੇ ਉੱਪਰ ਚੱਲ ਪਏ ਨੇ ਉਨ੍ਹਾਂ ਨੂੰ ਮਜਬੂਰ ਜਾਂ ਭਟਕਿਆ ਮੰਨਿਆ ਜਾ ਸਕਦਾ ਹੈ ਪਰ ਉਹ ਸਮਾਜ ਦੇ ਆਗੂ ਜਿਹੜੇ ਕਿ ਆਪਣੇ-ਆਪ ਨੂੰ ਧਾਰਮਿਕ ਅਤੇ ਰਾਜਨੀਤਕ ਪੱਖੋਂ ਸਿਰਮੌਰ ਮੰਨਦੇ ਹਨ ਅਤੇ ਹਵਾ ਦਾ ਰੁਖ਼ ਬਦਲਣ ਦੇ ਦਾਅਵੇ ਕਰਦੇ ਹਨ, ਕੀ ਉਨ੍ਹਾਂ ਆਗੂਆਂ ਦੀ ਕੋਈ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਸਮਾਜ ਪ੍ਰਤੀ ਨਹੀਂ ਬਣਦੀ ਕਿ ਉਹ ਅਪਰਾਧ ਦੀ ਦਲਦਲ ਵਿਚ ਧਸ ਰਹੀ ਨੌਜਵਾਨ ਪੀੜ੍ਹੀ ਦਾ ਸਹੀ ਮਾਰਗ ਦਰਸ਼ਨ ਕਰਨ, ਜਿਸ ਨਾਲ ਕਿ ਸਾਡੇ ਸਮਾਜ ਦਾ ਅੱਜ ਹੀ ਨਹੀਂ ਸਗੋਂ ਕੱਲ੍ਹ ਵੀ ਸੁਰੱਖਿਅਤ ਅਤੇ ਉੱਜਵਲ ਹੋਵੇ।

ਪਰ ਅਫ਼ਸੋਸ ਇਟਲੀ ਵਿਚ ਬਹੁਤੇ ਆਗੂਆਂ ਦਾ ਹਾਲ 'ਕੋਈ ਮਰੇ ਕੋਈ ਜੀਵੇ ਸੁੱਥਰਾ ਘੋਲ ਪਤਾਸੇ ਪੀਵੇ' ਵਾਲਾ ਹੀ ਲੱਗਦਾ ਹੈ, ਜਿਨ੍ਹਾਂ ਨੂੰ ਕਿ ਪੰਜਾਬੀਆਂ ਦੀਆਂ ਕਾਰਗੁਜ਼ਾਰੀਆਂ ਨਾਲ ਕੋਈ ਵਾਹ-ਵਾਸਤਾ ਨਹੀਂ, ਵਾਸਤਾ ਹੈ ਤਾਂ ਸਿਰਫ਼ ਆਪਣੀ ਸਿਆਸੀ ਸ਼ੋਹਰਤ ਨਾਲ।

# ਪੰਜਾਬ ਦੀ ਕਿਸਾਨੀ ਨੂੰ ਸੰਕਟ ਵਿਚੋਂ ਕਿਵੇਂ ਕੱਢਿਆ ਜਾਏ?

**"ਗਰੀਬ ਕਿਸਾਨ ਕਰਜ਼ਾ ਮੋੜਨ ਵਿਚ ਅਸਮਰੱਥ ਹੋ ਜਾਵੇ ਤਾਂ ਉਸ ਦੀ ਸਥਿਤੀ ਦਾ ਅਧਿਐਨ ਕੀਤਾ ਜਾਵੇ। ਜੇਕਰ ਸੱਚਮੁਚ ਹੀ ਉਹ ਕੁਦਰਤੀ ਮਾਰ ਦਾ ਸ਼ਿਕਾਰ ਹੋਇਆ ਹੈ ਤਾਂ ਉਸ ਦਾ ਕਰਜ਼ਾ ਮੁਆਫ਼ ਕੀਤਾ ਜਾਵੇ। ਕੇਂਦਰੀ ਬਜਟ ਵਿਚ ਇਸ ਲਈ ਕੁਝ ਰਕਮ ਰਾਖਵੀਂ ਰੱਖੀ ਜਾਵੇ। ਇਸ ਵਿਚ ਪਿੰਡ ਦੀਆਂ ਪੰਚਾਇਤਾਂ, ਧਾਰਮਿਕ ਸਥਾਨ ਅਤੇ ਸਮਾਜ-ਸੇਵੀ ਸੰਸਥਾਵਾਂ ਵੀ ਯੋਗਦਾਨ ਪਾ ਸਕਦੀਆਂ ਹਨ। ਸਾਰੇ ਧਰਮ ਹੀ ਗਰੀਬ ਦੀ ਬਾਂਹ ਫੜਨਾ ਸਭ ਤੋਂ ਵੱਡਾ ਪੁੰਨ ਮੰਨਦੇ ਹਨ। ਇਲਾਕੇ ਲਈ ਢੁੱਕਵੇਂ ਕਾਰਜ ਜਾਂ ਫ਼ਸਲ ਦੀ ਚੋਣ ਕਰਕੇ ਕਿਸਾਨਾਂ ਦੇ ਸਮੂਹ ਬਣਾਏ ਜਾਣ। ਸਰਕਾਰ ਵੱਲੋਂ ਤਕਨੀਕੀ ਜਾਣਕਾਰੀ ਦੇ ਨਾਲੋ-ਨਾਲ ਉਤਪਾਦਨ ਲੋੜਾਂ ਵੀ ਵਾਜਬ ਕੀਮਤ ਉੱਤੇ ਅਤੇ ਸ਼ੁੱਧ ਰੂਪ ਵਿਚ ਪ੍ਰਾਪਤ ਕਰਨ ਲਈ ਸਹਾਇਤਾ ਕੀਤੀ ਜਾਵੇ।"**



ਹਰਾ ਇਨਕਲਾਬ ਆਉਣ ਨਾਲ ਪੰਜਾਬ ਦੇ ਕਿਸਾਨਾਂ ਨੇ ਇਕ ਚੰਗਾ ਜੀਵਨ ਜਿਊਣ ਦਾ ਸੁਪਨਾ ਲਿਆ ਸੀ। ਨਵੀਂ ਜੀਵਨ-ਸ਼ੈਲੀ ਨਾਲ ਖਰਚਿਆਂ ਵਿਚ ਵਾਧਾ ਹੋਣਾ ਸੁਭਾਵਿਕ ਸੀ। ਹਰਾ ਇਨਕਲਾਬ ਆਉਣ ਤੋਂ ਪਹਿਲਾਂ ਕਈ ਕਿਸਾਨ ਬਾਜ਼ਾਰ ਵਿਚੋਂ ਕੇਵਲ ਲੂਣ ਤੇ ਬਸਾਰ (ਗਰਮ ਮਸਾਲੇ) ਹੀ ਖਰੀਦਦੇ ਸਨ ਬਾਕੀ ਸਾਰਾ ਕੁਝ ਆਪ ਹੀ ਪੈਦਾ ਕਰਦੇ ਸਨ। ਹੁਣ ਅਜਿਹਾ ਨਹੀਂ ਹੈ। ਸਭ ਕੁਝ ਬਾਜ਼ਾਰ ਵਿਚੋਂ ਖਰੀਦਣਾ ਪੈਂਦਾ ਹੈ। ਮੀਡੀਏ ਵਿਚ ਹੁੰਦੀਆਂ ਮਸ਼ਹੂਰੀਆਂ ਨਾਲ ਖਪਤਕਾਰੀ ਦਾ ਰੁਝਾਨ ਵਧਿਆ ਹੈ। ਪੰਜਾਬੀਆਂ ਵਿਚ ਵਿਖਾਵੇ ਦਾ ਵੀ ਜ਼ੋਰ ਵਧ ਰਿਹਾ ਹੈ। ਕੁਝ ਪਰਿਵਾਰ ਜਿਨ੍ਹਾਂ ਦੇ ਮੁੰਡੇ ਪ੍ਰਦੇਸ਼ ਵਿਚ ਹਨ, ਉਹ ਵਿਆਹ-ਸ਼ਾਦੀਆਂ ਉਤੇ ਖੁੱਲ੍ਹਾ ਖਰਚ ਕਰਦੇ ਹਨ ਪਰ ਛੋਟੇ ਕਿਸਾਨ ਅਜਿਹਾ ਨਹੀਂ ਕਰ ਸਕਦੇ। ਭਾਈਚਾਰੇ ਵਿਚ ਆਪਣੀ ਨੱਕ ਰੱਖਣ ਲਈ ਉਨ੍ਹਾਂ ਨੂੰ ਵਿੱਤੋਂ ਵੱਧ ਖਰਚਾ ਕਰਨਾ ਪੈ ਰਿਹਾ ਹੈ, ਜਿਸ ਲਈ ਉਨ੍ਹਾਂ ਨੂੰ ਕਰਜ਼ਾ ਲੈਣਾ ਪੈਂਦਾ ਹੈ। ਅਜਿਹੇ ਕਰਜ਼ੇ ਆਮ ਕਰਕੇ ਸ਼ਾਹੂਕਾਰਾਂ ਜਾਂ ਆੜ੍ਹਤੀਆਂ ਤੋਂ ਉੱਚੀ ਸੂਦ ਦਰ ਉੱਤੇ ਲਏ ਜਾਂਦੇ ਹਨ। ਇੰਜ ਕਿਸਾਨਾਂ ਸਿਰ ਕਰਜ਼ੇ ਵਿਚ ਹੋਰ ਵਾਧਾ ਹੋ ਰਿਹਾ ਹੈ। ਕਿਸਾਨ ਦੀ ਉਪਜ ਦੀ ਕੀਮਤ ਵਿਚ ਵਾਧਾ ਦੂਜੀਆਂ ਵਸਤਾਂ ਦੀ ਕੀਮਤ ਵਿਚ ਹੋਏ ਵਾਧੇ ਨਾਲੋਂ ਬਹੁਤ ਘੱਟ ਹੈ। ਇੰਜ ਕਿਸਾਨ ਦੀ ਸ਼ੁੱਧ ਆਮਦਨ ਹਰ ਵਰ੍ਹੇ ਘਟ ਰਹੀ ਹੈ ਤੇ ਖਰਚਾ ਹਰ ਵਰ੍ਹੇ ਵਧ ਰਿਹਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਖੇਤੀ ਇਕ ਨਾਜ਼ੁਕ ਦੌਰ ਵਿਚੋਂ ਲੰਘ ਰਹੀ ਹੈ। ਬਹੁਗਿਣਤੀ ਕਿਸਾਨ ਕਰਜ਼ਾਈ ਹਨ ਅਤੇ ਕਿਸਾਨ ਖ਼ੁਦਕੁਸ਼ੀਆਂ ਵਿਚ ਵਾਧਾ ਹੋ ਰਿਹਾ ਹੈ। ਪਰ ਯਤਨ ਕੀਤਿਆਂ ਪੰਜਾਬ ਦੀ ਖੇਤੀ ਨੂੰ ਮੁੜ ਲੀਹੇ ਪਾਇਆ ਜਾ ਸਕਦਾ ਹੈ। ਪੰਜਾਬ ਦੇ ਕਿਸਾਨ ਮਿਹਨਤੀ ਹਨ, ਸਾਰੀ ਧਰਤੀ ਵਾਹੀਯੋਗ ਅਤੇ ਸੇਂਜੂ ਹੈ। ਇਥੇ ਸਾਰੇ ਹੀ ਮੌਸਮ ਆਉਂਦੇ ਹਨ, ਜਿਸ ਕਰਕੇ ਫ਼ਸਲ ਵਿਭਿੰਨਤਾ ਬਹੁਤ ਹੈ। ਪੰਜਾਬ ਦੀ ਖੇਤੀ ਨੂੰ ਮੁੜ ਲੀਹੇ ਪਾਉਣ ਲਈ ਅਤੇ ਕਿਸਾਨਾਂ ਦੀ ਆਮਦਨ ਵਿਚ ਵਾਧੇ ਲਈ ਹੇਠਾਂ ਇਕ ਪੰਜ ਨੁਕਤੀ ਪ੍ਰੋਗਰਾਮ ਦੀ ਚਰਚਾ ਕੀਤੀ ਜਾ ਰਹੀ ਹੈ :



**ਡਾ: ਰਣਜੀਤ ਸਿੰਘ**

1. ਮਿੱਸੀ ਖੇਤੀ ਨੂੰ ਉਤਸ਼ਾਹਿਤ ਕਰਨਾ
2. ਪਿੰਡਾਂ ਵਿਚ ਰੁਜ਼ਗਾਰ ਦੇ ਵਸੀਲੇ ਬਣਾਉਣੇ ਤੇ ਪੇਂਡੂ ਬੱਚਿਆਂ ਨੂੰ ਹੁਨਰੀ ਬਣਾਉਣਾ

3. ਕੁਦਰਤੀ ਆਫ਼ਤਾਂ ਸਮੇਂ ਢੁਕਵੀਂ ਸਹਾਇਤਾ

4. ਆਪਸੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ

5. ਸਮਾਜਿਕ ਅਤੇ ਧਾਰਮਿਕ ਚੇਤਨਾ ਜਗਾਉਣੀ

ਹੁਣ ਤੱਕ ਸਾਰੇ ਯਤਨ ਉਪਜ ਵਿਚ ਵਾਧੇ ਲਈ ਹੁੰਦੇ ਰਹੇ ਹਨ ਪਰ ਹੁਣ ਕਿਸਾਨ ਦੀ ਆਮਦਨ ਵਿਚ ਵਾਧੇ ਲਈ ਯਤਨਾਂ ਦੀ ਲੋੜ ਹੈ। ਅਜਿਹੀਆਂ ਯੋਜਨਾਵਾਂ ਤੇ ਮਿੱਸੀ ਖੇਤੀ ਦੇ ਪੈਕੇਜ ਤਿਆਰ ਕੀਤੇ ਜਾਣ, ਜਿਸ ਨਾਲ ਕਿਸਾਨ ਦੀ ਆਮਦਨ ਵਿਚ ਵਾਧਾ ਹੋਵੇ ਅਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਕਾਰੇ ਲਗਾਇਆ ਜਾ ਸਕੇ। ਖੇਤੀ ਵਿਕਾਸ ਦਾ ਆਧਾਰ ਖੇਤੀ ਖੋਜ ਹੈ। ਖੇਤੀ ਖੋਜ ਨੂੰ ਸਹੀ ਦਿਸ਼ਾ ਦੇਣ ਲਈ ਸਾਰੇ ਰਾਜਾਂ ਵਿਚ ਖੇਤੀਬਾੜੀ ਯੂਨੀਵਰਸਿਟੀਜ਼ ਬਣਾਈਆਂ ਗਈਆਂ ਸਨ। ਇਨ੍ਹਾਂ ਨੇ ਵਧੀਆ ਕੰਮ ਕੀਤਾ ਹੈ ਪਰ ਹੁਣ ਇਹ ਸਾਰੀਆਂ ਸੰਸਥਾਵਾਂ ਵਿੱਤੀ ਸੰਕਟ ਵਿਚ ਘਿਰੀਆਂ ਹੋਈਆਂ ਹਨ। ਇਨ੍ਹਾਂ ਦੀ ਜ਼ਿੰਮੇਵਾਰੀ ਰਾਜ ਸਰਕਾਰਾਂ ਕੋਲ ਹੈ ਤੇ ਸਾਰੀਆਂ ਰਾਜ ਸਰਕਾਰਾਂ ਪੈਸੇ ਵੱਲੋਂ ਤੰਗੀ ਦਾ ਹੀ ਇਜ਼ਹਾਰ ਕਰ ਰਹੀਆਂ ਹਨ। ਬਜਟ ਦੀ ਘਾਟ ਦੇ ਨਾਲੋ-ਨਾਲ ਇਨ੍ਹਾਂ ਵਿਚ ਰਾਜਸੀ ਦਖ਼ਲਅੰਦਾਜ਼ੀ ਵੀ ਵਧ ਗਈ ਹੈ। ਕੇਂਦਰ ਸਰਕਾਰ ਵੱਲੋਂ ਖੋਜ ਕਾਰਜਾਂ ਲਈ ਇਨ੍ਹਾਂ ਸੰਸਥਾਵਾਂ ਦੀ ਵਿੱਤੀ ਸਹਾਇਤਾ ਕਰਨੀ ਚਾਹੀਦੀ ਹੈ। ਭਵਿੱਖ ਵਿਚ ਖੋਜ ਦਾ ਸਾਰਾ ਧਿਆਨ ਉਨ੍ਹਾਂ ਢੰਗ-ਤਰੀਕਿਆਂ ਨੂੰ ਲੱਭਣ ਵੱਲ ਹੋਣਾ ਚਾਹੀਦਾ ਹੈ, ਜਿਨ੍ਹਾਂ ਨਾਲ ਕਿਸਾਨ ਦੀ ਆਮਦਨ ਵਿਚ ਵਾਧਾ ਹੋ ਸਕੇ। ਸਰਕਾਰ ਕਿਸਾਨ ਦੀ ਉਪਜ ਦਾ ਮੁੱਲ ਆਪਣੀ ਮਰਜ਼ੀ ਨਾਲ ਮਿੱਥਦੀ ਹੈ, ਜਿਸ ਵਿਚ ਬਹੁਤ ਘੱਟ ਮੁਨਾਫ਼ਾ ਰੱਖਿਆ ਜਾਂਦਾ ਹੈ। ਇਸ ਕਰਕੇ ਸਰਕਾਰ ਦੀ ਹੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸਾਨ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਕਰੇ ਅਤੇ ਉਸ ਦੇ ਬੀਮੇ ਦੀ ਕਿਸ਼ਤ ਆਪ ਭਰੇ। ਕਿਸਾਨ ਨੂੰ ਆਮਦਨ ਦੇ ਵਾਧੇ ਲਈ ਮਿੱਸੀ ਖੇਤੀ ਕਰਨੀ ਪਵੇਗੀ। ਇਸ ਦਾ ਅਰਥ ਹੈ ਕਿ ਫ਼ਸਲਬਾੜੀ ਦੇ ਨਾਲੋ-ਨਾਲ ਸਬਜ਼ੀਆਂ, ਡੇਅਰੀ, ਪਸ਼ੂ ਪਾਲਣ, ਖੁੰਭਾਂ, ਸ਼ਹਿਦ ਦੀਆਂ ਮੱਖੀਆਂ, ਘਰੇਲੂ ਦਸਤਕਾਰੀ, ਉਪਜ ਪਦਾਰਥੀਕਰਨ ਆਦਿ ਕਰਨਾ ਚਾਹੀਦਾ ਹੈ। ਇਸ ਦੀ ਸਫ਼ਲਤਾ ਲਈ ਜਿਥੇ ਸਰਕਾਰ ਨੂੰ ਵਿੱਤੀ ਸਹਾਇਤਾ ਕਰਨੀ ਚਾਹੀਦੀ ਹੈ, ਉਥੇ ਇਕ ਸਲਾਹਕਾਰ ਬੋਰਡ ਬਣਾਇਆ ਜਾਵੇ, ਜਿਹੜਾ ਕਿਸਾਨਾਂ ਨੂੰ ਧੰਦਾ ਚੋਣ ਅਤੇ ਉਪਜ ਦੀ ਵਿਕਰੀ ਲਈ ਦਿਸ਼ਾ-ਨਿਰਦੇਸ਼ ਦੇਵੇ। ਛੋਟੇ ਕਿਸਾਨਾਂ ਨੂੰ ਬਹੁਤ ਹੀ ਘੱਟ ਵਿਆਜ ਦਰ ਉੱਤੇ ਅਤੇ ਬਿਨਾਂ ਸ਼ਰਤਾਂ ਤੋਂ ਕਰਜ਼ਾ ਦਿੱਤਾ ਜਾਵੇ।

ਜਦੋਂ ਕੋਈ ਗਰੀਬ ਕਿਸਾਨ ਕਰਜ਼ਾ ਮੋੜਨ ਵਿਚ ਅਸਮਰੱਥ ਹੋ ਜਾਵੇ ਤਾਂ ਉਸ ਦੀ ਸਥਿਤੀ ਦਾ ਅਧਿਐਨ ਕੀਤਾ ਜਾਵੇ। ਜੇਕਰ ਸੱਚਮੁਚ ਹੀ ਉਹ ਕੁਦਰਤੀ ਮਾਰ ਦਾ ਸ਼ਿਕਾਰ ਹੋਇਆ ਹੈ ਤਾਂ ਉਸ ਦਾ ਕਰਜ਼ਾ ਮੁਆਫ਼ ਕੀਤਾ ਜਾਵੇ। ਕੇਂਦਰੀ ਬਜਟ ਵਿਚ ਇਸ ਲਈ ਕੁਝ ਰਕਮ ਰਾਖਵੀਂ ਰੱਖੀ ਜਾਵੇ। ਇਸ ਵਿਚ ਪਿੰਡ ਦੀਆਂ ਪੰਚਾਇਤਾਂ, ਧਾਰਮਿਕ ਸਥਾਨ ਅਤੇ ਸਮਾਜ-ਸੇਵੀ ਸੰਸਥਾਵਾਂ ਵੀ ਯੋਗਦਾਨ ਪਾ ਸਕਦੀਆਂ ਹਨ। ਸਾਰੇ ਧਰਮ ਹੀ ਗਰੀਬ ਦੀ ਬਾਂਹ ਫੜਨਾ ਸਭ ਤੋਂ ਵੱਡਾ ਪੁੰਨ ਮੰਨਦੇ ਹਨ। ਇਲਾਕੇ ਲਈ ਢੁੱਕਵੇਂ ਕਾਰਜ ਜਾਂ ਫ਼ਸਲ ਦੀ ਚੋਣ ਕਰਕੇ ਕਿਸਾਨਾਂ ਦੇ ਸਮੂਹ ਬਣਾਏ ਜਾਣ। ਸਰਕਾਰ ਵੱਲੋਂ ਤਕਨੀਕੀ ਜਾਣਕਾਰੀ ਦੇ ਨਾਲੋ-ਨਾਲ ਉਤਪਾਦਨ ਲੋੜਾਂ ਵੀ ਵਾਜਬ ਕੀਮਤ ਉੱਤੇ ਅਤੇ ਸ਼ੁੱਧ ਰੂਪ ਵਿਚ ਪ੍ਰਾਪਤ ਕਰਨ ਲਈ ਸਹਾਇਤਾ ਕੀਤੀ ਜਾਵੇ। ਪਿਛਲੇ ਦਿਨੀਂ ਕਿਸਾਨ ਮੂੰਗੀ ਲੈ ਕੇ ਮੰਡੀ ਆਏ। ਉਨ੍ਹਾਂ ਦੀ ਉਪਜ ਨੂੰ 50/-ਰੁਪਏ ਕਿੱਲੋ ਦੇ ਹਿਸਾਬ ਵੀ ਕੋਈ ਖਰੀਦਣ ਨੂੰ ਤਿਆਰ ਨਹੀਂ ਸੀ। ਬਾਜ਼ਾਰ ਵਿਚ ਮੂੰਗੀ 150/- ਰੁਪਏ ਕਿੱਲੋ ਵਿਕ ਰਹੀ ਹੈ ਅਤੇ ਦੇਸ਼ ਵਿਚ ਦਾਲਾਂ ਦੀ ਕਮੀ ਹੈ। ਇਹ ਉਪਜ ਏਨੀ ਵੱਧ ਨਹੀਂ ਸੀ ਕਿ ਕਿਸਾਨ ਤੇ ਸਰਕਾਰ ਰਲ ਕੇ ਇਸ ਦੀ ਵੱਧ ਮੁੱਲ 'ਤੇ ਸਿੱਧੀ ਵਿਕਰੀ ਨਾ ਕਰ ਸਕਦੇ। ਉਪਜ ਦੇ ਪਦਾਰਥੀਕਰਨ ਤੇ ਵਿਕਰੀ ਵਿਚ ਮਾਰਗ ਦਰਸ਼ਨ ਕਰਨ ਦੀ ਵੀ ਲੋੜ ਹੈ। ਇੰਜ ਹੁਣ ਵਾਲੇ ਪਸਾਰ ਤੇ ਪ੍ਰਚਾਰ ਢਾਂਚੇ ਨੂੰ ਜਿਥੇ ਮਜ਼ਬੂਤ ਕਰਨ ਦੀ ਲੋੜ ਹੈ, ਉਥੇ ਇਸ ਵਿਚ ਬਦਲਾਅ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ ਪਿੰਡਾਂ ਦੇ ਮੁੰਡਿਆਂ ਨੂੰ ਉਨ੍ਹਾਂ ਦੀ ਪਸੰਦ ਅਨੁਸਾਰ ਤਕਨੀਕੀ ਸਿਖਲਾਈ ਦੇ ਕੇ ਪਿੰਡ ਵਿਚ ਹੀ ਕਾਰੋਬਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਪਿੰਡਾਂ ਦੇ ਸਕੂਲਾਂ ਅਤੇ ਤਕਨੀਕੀ ਸੰਸਥਾਵਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ। ਤਕਨੀਕੀ ਸੰਸਥਾ ਤੋਂ ਜੇਕਰ ਕੋਈ ਬਿਜਲੀ ਦਰੁਸਤੀ ਦੀ ਸਿਖਲਾਈ ਪ੍ਰਾਪਤ ਕਰਦਾ ਹੈ ਤਾਂ ਉਸ ਵਿਚ ਏਨੀ ਕੁਸ਼ਲਤਾ ਜ਼ਰੂਰ ਆਉਣੀ ਚਾਹੀਦੀ ਹੈ ਕਿ ਉਹ ਆਪਣਾ ਸੇਵਾ ਕੇਂਦਰ ਖੋਲ੍ਹ ਕੇ ਲੋਕਾਂ ਦੀਆਂ ਬਿਜਲੀ ਔਕੜਾਂ ਨੂੰ ਦੂਰ ਕਰ ਸਕੇ। ਕਦੇ ਸਮਾਂ ਸੀ ਕਿਸਾਨ ਦੀ ਦੂਜਿਆਂ ਉੱਤੇ ਨਿਰਭਰਤਾ ਨਹੀਂ ਸੀ। ਹੁਣ ਉਹ ਪੂਰੀ ਤਰ੍ਹਾਂ ਕੰਪਨੀਆਂ ਦੇ ਸ਼ਿਕੰਜੇ ਵਿਚ ਆ ਗਿਆ ਹੈ। ਉਸ ਨੂੰ ਖਾਦ, ਜ਼ਹਿਰਾਂ, ਮਸ਼ੀਨਾਂ ਆਦਿ ਕੰਪਨੀਆਂ ਤੋਂ ਲੈਣੀਆਂ ਪੈਂਦੀਆਂ ਹਨ। ਹੁਣ ਬੀਜਾਂ ਲਈ ਵੀ ਉਸ ਨੂੰ ਕੰਪਨੀਆਂ ਉੱਤੇ ਨਿਰਭਰ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਤੇ ਭਵਿੱਖ ਵਿਚ ਆਪਣੀ ਉਪਜ ਦੀ ਵਿਕਰੀ ਲਈ ਵੀ ਉਸ ਨੂੰ ਵਪਾਰੀਆਂ ਦੇ ਤਰਲੇ ਕਰਨੇ ਪੈਣਗੇ। ਇਸ ਰੁਝਾਨ ਨੂੰ ਠੱਲ੍ਹ ਪਾਈ ਜਾਵੇ। ਹਰਾ ਇਨਕਲਾਬ ਸਿਰਜਣ ਵਾਲੇ ਸਾਰੇ ਇਲਾਕਿਆਂ ਦੇ ਕਿਸਾਨ ਇਸ ਸਮੇਂ ਸੰਕਟ ਵਿਚ ਹਨ। ਇਸ ਸੰਕਟ ਨੂੰ ਦੂਰ ਕਰਨਾ ਸਰਕਾਰ ਦੀ ਲੋੜ ਹੀ ਨਹੀਂ ਸਗੋਂ ਜ਼ਿੰਮਵਾਰੀ ਵੀ ਹੈ।

ਜਿਥੇ ਨਵੀਆਂ ਖੇਤੀ ਸਿਫ਼ਾਰਸ਼ਾਂ ਵਿਕਸਤ ਕਰਨ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਕਿਸਾਨਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ, ਉਥੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਵੀ ਕਰਨੀ ਚਾਹੀਦੀ ਹੈ। ਆ ਰਹੀ ਮੌਸਮੀ ਤਬਦੀਲੀ ਦੀ ਮਾਰ ਸਭ ਤੋਂ ਵੱਧ ਕਿਸਾਨਾਂ ਨੂੰ ਝੱਲਣੀ ਪੈਂਦੀ ਹੈ। ਇਸ ਮਾਰ ਦੀ ਕੁਝ ਭਰਪਾਈ ਹੋ ਸਕੇ, ਉਸ ਲਈ ਇਕ ਸਾਰਥਿਕ ਬੀਮਾ ਯੋਜਨਾ ਚਾਹੀਦੀ ਹੈ। ਇਸੇ ਤਰ੍ਹਾਂ ਹੀ ਡੰਗਰਾਂ ਦੇ ਬੀਮੇ ਲਈ ਸਕੀਮ ਦੀ ਲੋੜ ਹੈ। ਇਸ ਦੇ ਨਾਲ ਹੀ ਕਿਸਾਨ ਰਾਹਤ ਕੋਸ਼ ਨੂੰ ਮਜ਼ਬੂਤ ਕੀਤਾ ਜਾਵੇ। ਇਸ ਕਾਨੂੰਨ ਵਿਚ ਸੋਧ ਕਰਕੇ ਪ੍ਰਤੀ ਏਕੜ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਰਾਸ਼ੀ ਵੱਧ ਕੀਤੀ ਜਾਵੇ। ਜਿੰਨੀ ਵੀ ਫ਼ਸਲ ਖਰਾਬ ਹੋਈ ਹੋਵੇ, ਉਸੇ ਅਨੁਸਾਰ ਰਾਸ਼ੀ ਦਿੱਤੀ ਜਾਵੇ। ਮੁਆਵਜ਼ਾ ਦੇਣ ਦਾ ਢੰਗ-ਤਰੀਕਾ ਵੀ ਸਰਲ ਬਣਾਇਆ ਜਾਵੇ। ਕਮੇਟੀ ਮੌਕੇ ਉੱਤੇ ਹੀ ਦਿੱਤੀ ਜਾਣ ਵਾਲੀ ਰਾਸ਼ੀ ਦਾ ਫ਼ੈਸਲਾ ਕਰੇ ਤੇ ਤੁਰੰਤ ਕਿਸਾਨ ਨੂੰ ਰਾਹਤ ਪਹੁੰਚਾਈ ਜਾਵੇ। ਕਿਸਾਨ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਜਿੱਥੇ ਸਰਕਾਰੀ ਤੰਤਰ ਨਾਲ ਰਾਬਤਾ ਕਾਇਮ ਕਰਨ ਦੀ ਲੋੜ ਹੈ, ਉਥੇ ਉਨ੍ਹਾਂ ਨੂੰ ਆਪਣੀਆਂ ਜਥੇਬੰਦੀਆਂ ਬਣਾਉਣੀਆਂ ਚਾਹੀਦੀਆਂ ਹਨ। ਇਹ ਜਥੇਬੰਦੀਆਂ ਰਾਜਨੀਤੀ ਤੋਂ ਮੁਕਤ ਕੇਵਲ ਕਿਸਾਨੀ ਬਾਰੇ ਹੀ ਹੋਣ। ਇੰਜ ਕਿਸਾਨ ਸਾਂਝੇ ਤੌਰ ਉਤੇ ਬੀਜ, ਖਾਦ, ਮਸ਼ੀਨਰੀ, ਕੀਟ ਨਾਸ਼ਕ ਆਦਿ ਖਰੀਦ ਸਕਣਗੇ। ਉਨ੍ਹਾਂ ਨੂੰ ਸ਼ੁੱਧ ਤੇ ਸਹੀ ਕੀਮਤ ਉੱਤੇ ਮਾਲ ਮਿਲ ਜਾਵੇਗਾ। ਆਪਣੀ ਜਿਣਸ ਦੀ ਵਿਕਰੀ ਲਈ ਵੀ ਸਾਂਝੇ ਯਤਨ ਕੀਤੇ ਜਾ ਸਕਦੇ ਹਨ। ਰਲ ਕੇ ਜਿਣਸ ਨੂੰ ਦੁਰਾਡੀਆਂ ਮੰਡੀਆਂ ਵਿਚ ਲਿਜਾਇਆ ਜਾ ਸਕਦਾ ਹੈ। ਹੁਣ ਮੁੜ ਇਕ ਸੰਯੁਕਤ ਪ੍ਰੋਗਰਾਮ ਦੀ ਲੋੜ ਹੈ ਤਾਂ ਜੋ ਪੰਜਾਬ ਦੀ ਖੇਤੀ ਨੂੰ ਲੀਹੇ ਪਾਇਆ ਜਾ ਸਕੇ ਅਤੇ ਕਿਸਾਨਾਂ ਨੂੰ ਆਰਥਿਕ ਸੰਕਟ ਵਿਚੋਂ ਕੱਢਿਆ ਜਾ ਸਕੇ।

## ਕਹਾਣੀ

# ਜ਼ਮੀਰ ਜ਼ਿੰਦਾ ਹੈ

**"ਇਕ ਪਾਸੇ ਨੌਕਰੀ, ਇਕ ਪਾਸੇ ਗ਼ਲਤ ਹੁਕਮ, ਇਕ ਪਾਸੇ ਮੇਰੀ ਤੇ ਮੇਰੇ ਖ਼ਾਨਦਾਨ ਦੀ ਜ਼ਮੀਰ ! ਮੇਰੇ ਦਿਮਾਗ਼ ਵਿਚ ਕਈ ਸਵਾਲ-ਜਵਾਬ ਉਭਰੇ ਪਰ ਆਖ਼ਿਰ ਮੈਂ ਫੈਸਲਾ ਕਰ ਲਿਆ ਕਿ ਮੈਂ ਇਸ ਬਲਾਤਕਾਰੀ ਨੂੰ ਛੱਡਣ ਨਹੀਂ ਜਾਵਾਂਗਾ। ਮੈਂ ਉਸ ਬਲਾਤਕਾਰੀ ਲੜਕੇ ਨੂੰ ਕੁਝ ਨਹੀਂ ਕਿਹਾ। ਦਫ਼ਤਰ ਜਾ ਕੇ ਅਸਤੀਫਾ ਲਿਖਿਆ ਤੇ ਆਪਣੇ ਉੱਚ ਪੁਲਿਸ ਅਧਿਕਾਰੀ ਨੂੰ ਦੇਂਦਿਆਂ ਕਿਹਾ, "ਮੈਂ ਉਸ ਬਲਾਤਕਾਰੀ ਲੜਕੇ ਨੂੰ ਕਿਸੇ ਵੀ ਕੀਮਤ 'ਤੇ ਛੱਡਣ ਨਹੀਂ ਜਾ ਸਕਦਾ।" ਅਸਤੀਫਾ ਦੇ ਕੇ ਮੈਂ ਸਿੱਧਾ ਘਰ (ਆਪਣੇ ਸਰਕਾਰੀ ਕਵਾਟਰ) ਵਿਚ ਆ ਗਿਆ।"**

ਮੇਰੇ ਇਕ ਦੋਸਤ ਨੇ ਕੋਠੀ ਬਨਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਕੋਠੀ ਵਿਚ ਲੱਕੜ ਦਾ ਕੰਮ ਸ਼ੁਰੂ ਕਰਵਾਉਣਾ ਸੀ, ਇਸ ਲਈ ਉਹ ਮੈਨੂੰ ਆਪਣੇ ਨਾਲ ਇਕ ਵੱਡੇ ਸ਼ਹਿਰ ਦੀ ਲੱਕੜ ਮਾਰਕੀਟ ਵਿਚ ਲੈ ਗਿਆ ਤਾਂ ਜੋ ਦੋਵਾਂ ਦੀ ਰਾਇ ਨਾਲ ਚੰਗੀ ਲੱਕੜ ਖਰੀਦੀ ਜਾ ਸਕੇ। ਲਗਭਗ ਦੋ ਕਿਲਿਆਂ ਦੀ ਇਕ ਲੱਕੜ ਦੀ ਦੁਕਾਨ 'ਤੇ ਅਸੀਂ ਚਲੇ ਗਏ। ਹਰ ਪ੍ਰਕਾਰ ਦੀ ਲੱਕੜ ਉਥੇ ਮੌਜੂਦ ਸੀ। ਹਰ ਕਿਸਮ ਦੀ ਲੱਕੜ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਤਰਤੀਬ ਦੇ ਕੇ ਰੱਖਿਆ ਹੋਇਆ ਸੀ। ਸ਼ਹਿਰ ਵਿਚ ਇਹ ਸਭ ਤੋਂ ਵੱਡੀ ਦੁਕਾਨ ਸੀ, ਜਿੱਥੇ ਹਰ ਕਿਸਮ ਦੀ ਲੱਕੜ ਮਿਲਦੀ ਸੀ।

ਮੈਂ ਤੇ ਮੇਰਾ ਦੋਸਤ ਅਸੀਂ ਦੁਕਾਨ ਦੇ ਦਫ਼ਤਰ ਵਿਚ ਚਲੇ ਗਏ। ਦਫ਼ਤਰ ਦੀ ਦਿੱਖ ਚੰਗੀ ਸੀ। ਦਫ਼ਤਰ ਵਿਚ ਚਾਲੀ ਕੁ ਸਾਲ ਦਾ ਨੌਜਵਾਨ ਬੈਠਾ ਸੀ, ਜੋ ਮਾਲਿਕ ਸੀ। ਉਸ ਨਾਲ ਲੱਕੜ ਦੀ ਗੱਲਬਾਤ ਚੱਲੀ। ਕਿੰਨੀ ਲੱਕੜ ਲੈਣੀ ਏ, ਕਿਹੜੀ ਕਿਸਮ ਦੀ ਲੱਕੜ ਲੈਣੀ ਏ ਆਦਿ।

ਉਸ ਨੌਜਵਾਨ ਮਾਲਿਕ ਨੇ ਚਾਹ ਮੰਗਵਾ ਲਈ। ਚਾਹ ਪੀਂਦਿਆਂ ਅਤੇ ਗੱਲਬਾਤ ਕਰਦਿਆਂ ਮੇਰਾ ਧਿਆਨ ਉਸ ਮਾਲਿਕ ਦੀ ਕੁਰਸੀ ਦੇ ਪਿਛਲੇ ਪਾਸੇ ਇਕ ਨੌਜਵਾਨ ਡੀ.ਐੱਸ.ਪੀ. ਦੀ ਖ਼ੂਬਸੂਰਤ ਤਸਵੀਰ 'ਤੇ ਜਾ ਪਿਆ। ਮੈਂ ਉਸ ਮਾਲਿਕ ਨੂੰ ਪੁੱਛਿਆ ਕਿ ਇਹ ਤਸਵੀਰ ਕਿਸ ਦੀ ਹੈ?

ਉਸ ਮਾਲਿਕ ਨੇ ਹੱਸਦਿਆਂ ਕਿਹਾ, "ਇਹ ਤਸਵੀਰ ਮੇਰੀ ਹੀ ਹੈ।"

"ਕੀ ਤੁਸੀਂ ਨੌਕਰੀ ਛੱਡ ਦਿੱਤੀ ਜਾਂ...?" ਮੈਂ ਜਗਿਆਸਾ ਨਾਲ ਪੁੱਛਿਆ।

ਉਸ ਮਾਲਿਕ ਲੜਕੇ ਨੇ ਸੱਜਰੀ ਧੁੱਪ ਵਾਂਗ ਹੱਸਦੇ ਹੋਏ ਕਿਹਾ, "ਗੱਲ ਇਸ ਤਰ੍ਹਾਂ ਹੈ ਜੋ ਆਦਮੀ ਜ਼ਮੀਰ ਮਾਰ ਕੇ ਜਿਊਂਦੇ ਹਨ, ਉਹ ਵਧੀਆ ਇਨਸਾਨ ਨਹੀਂ ਹੁੰਦੇ, ਉਹ ਸਮਾਜ ਨੂੰ ਕੋਈ ਸੇਧ ਨਹੀਂ ਦੇ ਸਕਦੇ। ਰਿਸ਼ਵਤਖੋਰ, ਬੇਈਮਾਨ, ਧੋਖੇਬਾਜ਼, ਚਮਚਾਗਿਰੀ ਕਰਨ ਵਾਲੇ ਨੂੰ ਗੰਦਗੀ ਹੀ ਚੰਗੀ ਲੱਗਦੀ ਹੈ। ਜਿਹੜੀਆਂ ਆਦਤਾਂ ਪੱਕ ਜਾਂਦੀਆਂ ਹਨ ਉਹ ਜਿਸਮ ਦਾ ਅੰਗ ਬਣ ਜਾਂਦੀਆਂ ਹਨ। ਗੁਲਾਮ ਹੋ ਕੇ ਜੀਣਾ ਕੋਈ ਵਧੀਆ ਗੱਲ ਨਹੀਂ ਹੁੰਦੀ। ਗਲਤ ਸ਼ਬਦਾਂ ਅਤੇ ਗਲਤ ਹੁਕਮਾਂ ਦੀ ਗੁਲਾਮੀ ਮੌਤ ਤੋਂ ਵੀ ਭੈੜੀ ਹੁੰਦੀ ਏ, ਜੋ ਲੋਕ ਇਸ ਗੁਲਾਮੀ ਨੂੰ ਕਬੂਲ ਕੇ ਜਿਊਂਦੇ ਹਨ, ਸਮਾਜ ਵਿਚ ਉਨ੍ਹਾਂ ਦੀ ਕੋਈ ਇੱਜ਼ਤ ਨਹੀਂ ਹੁੰਦੀ। ਗਲਤ ਬੰਦੇ ਨੂੰ ਲੋਕ ਮੌਕੇ ਦੇ ਮੁਤਾਬਿਕ ਉਸ ਕੋਲੋਂ ਫਾਇਦਾ ਲੈਣ ਲਈ, ਉਸ ਨੂੰ ਸਲਾਮ ਕਰਦੇ ਹਨ, ਮਗਰ ਉਸ ਨੂੰ ਪਿਆਰ ਨਹੀਂ ਕਰਦੇ, ਉਸ ਨੂੰ ਦਿਲੀ-ਸਤਿਕਾਰ ਨਹੀਂ ਦਿੰਦੇ। ਲੋਕ ਉਸ ਨੂੰ ਗਲਤ ਹੀ ਕਹਿੰਦੇ ਹਨ। ਰਿਸ਼ਵਤ ਲੈਣ ਵਾਲੇ ਵਿਅਕਤੀ ਨੂੰ ਲੋਕ ਮਜ਼ਬੂਰਨ ਰਿਸ਼ਵਤ ਦਿੰਦੇ ਹਨ ਪਰ ਕਹਿੰਦੇ ਉਸ ਨੂੰ ਰਿਸ਼ਵਤਖੋਰ, ਹਰਾਮਖੋਰ ਹੀ ਹਨ। ਜ਼ਿੰਦਗੀ ਕੋਈ ਬਹੁਤੀ ਲੰਬੀ ਨਹੀਂ, ਇਸ ਨੂੰ ਖ਼ੂਬਸੂਰਤੀ ਨਾਲ ਜੀਣਾ ਚਾਹੀਦੀ ਹੈ। ਆਦਮੀ ਥੋੜ੍ਹੀ ਖਾ ਲਵੇ, ਸੰਤੋਖ 'ਚ ਰਵੇ ਪਰ ਰਿਸ਼ਵਤਖੋਰ, ਬੇਈਮਾਨ ਨਾ ਬਣੇ। ਕੀ ਮੀਟ, ਸ਼ਰਾਬ ਜਾਂ ਖੋਹ ਕੇ ਖਾਣ ਨਾਲ ਬੰਦਾ ਹਜ਼ਾਰ ਸਾਲ ਜੀਵੇਗਾ, ਜੀਣਾ ਤਾਂ ਵੱਧ ਤੋਂ ਵੱਧ ਸੌ ਸਾਲ ਹੀ ਹੈ। ਆਪਣੇ ਘਰ ਅਚਾਰ ਨਾਲ ਰੋਟੀ ਖਾ ਕੇ ਵੀ ਬੰਦਾ ਬਾਦਸ਼ਾਹ ਹੁੰਦਾ ਏ। ਬੇਈਮਾਨੀ ਦੀ ਰੋਟੀ ਤਾਂ ਇਕ ਲਾਹਨਤ ਹੈ। ਮੈਂ ਤਾਂ ਲੱਕੜ ਦਾ ਕੰਮ ਕਰ ਰਿਹਾ ਹਾਂ, ਈਮਾਨਦਾਰੀ ਦੀ ਰੋਟੀ ਖਾ ਰਿਹਾ ਹਾਂ, ਕਿਸੇ ਗੁਲਾਮੀ ਤੋਂ ਬਗੈਰ।"


**ਬਲਵਿੰਦਰ 'ਬਾਲਮ'**
ਗੁਰਦਾਸਪੁਰ
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ. 98156-25409




ਕਾਫੀ ਲੰਬੀ ਚੌੜੀ ਤਜ਼ੁਰਬੇ ਵਾਲੀ ਭੂਮਿਕਾ ਤੋਂ ਬਾਅਦ ਉਸ ਨੇ ਬੁੱਲ੍ਹੀਆਂ ਸਮੇਤ ਅੱਖੀਆਂ 'ਚੋਂ ਹੱਸਦੇ ਹੋਏ ਦੱਸਿਆ ਕਿ ਮੇਰੇ ਪਿਤਾ ਜੀ ਪੁਲਿਸ ਅਫ਼ਸਰ ਸਨ। ਮੈਂ ਉੱਚ ਸਿੱਖਿਆ ਹਾਸਲ ਕਰਕੇ ਪੁਲਿਸ ਵਿਚ ਡੀ.ਐੱਸ.ਪੀ. ਭਰਤੀ ਹੋ ਗਿਆ। ਸਾਰੀ ਟ੍ਰੇਨਿੰਗ ਆਦਿ ਤੋਂ ਬਾਅਦ ਛੇ ਕੁ ਮਹੀਨੇ ਹੀ ਮੇਰੀ ਸਰਵਿਸ ਨੂੰ ਹੋਏ ਸਨ। ਮੇਰੇ ਮਹਿਕਮੇ ਦੇ ਉੱਚ ਅਧਿਕਾਰੀਆਂ ਨੇ ਇਕ ਬਲਾਤਕਾਰ ਕੇਸ ਦੀ ਜਾਂਚ ਪੜਤਾਲ ਲਈ ਮੇਰੀ ਡਿਊਟੀ ਲਗਾ ਦਿੱਤੀ। ਮੈਂ ਉਸ ਸਾਰੇ ਕੇਸ ਦੀ ਜਾਂਚ ਪੜਤਾਲ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚਿਆ ਕਿ

ਇਕ ਨੇਤਾ ਦੇ ਪੁੱਤਰ ਨੇ ਇਕ ਗਰੀਬ ਲੜਕੀ ਨਾਲ ਬਲਾਤਕਾਰ ਕੀਤਾ ਹੈ। ਸਬੂਤਾਂ ਸਹਿਤ ਮੈਂ ਸਾਰੀ ਫਾਇਲ ਤਿਆਰ ਕਰਕੇ ਉਸ ਦੋਸ਼ੀ ਨੂੰ ਅਰੈਸਟ ਕਰਨ ਵਾਸਤੇ, ਉਸ ਉੱਪਰ ਕੇਸ ਪਾਉਣ ਲਈ, ਮੈਂ ਉਸ ਨੂੰ ਛਾਪਾ ਮਾਰ ਕੇ ਫੜ ਲਿਆ। ਜਦੋਂ ਉਸ ਬਲਾਤਕਾਰੀ ਲੜਕੇ ਨੂੰ ਫੜਿਆ ਤਾਂ ਉਹ ਮੇਰੇ ਨਾਲ ਜ਼ੁਰਅਤ ਨਾਲ ਗੱਲ ਕਰਦਾ ਸੀ। ਉਸ ਲੜਕੇ ਨੂੰ ਮੈਂ ਕਿਹਾ ਕਿ ਤੂੰ ਬਲਾਤਕਾਰ ਕੀਤਾ ਹੈ, ਸਾਰੇ ਸਬੂਤ ਮੇਰੇ ਕੋਲ ਹਨ। ਮੈਂ ਉਸ ਨੂੰ ਗੱਡੀ ਵਿਚ ਬਿਠਾ ਕੇ ਥਾਣੇ ਲਿਜਾ ਰਿਹਾ ਸਾਂ। ਉਸ ਨੇ ਮੈਨੂੰ ਵੱਡੀ ਤੋਂ ਵੱਡੀ ਰਕਮ ਦੀ ਰਿਸ਼ਵਤ ਪੇਸ਼ਕਸ਼ ਕੀਤੀ, ਜਦੋਂ ਮੈਂ ਇਸ ਪਾਸੇ ਨਾ ਗਿਆ ਤਾਂ ਉਹ ਮੈਨੂੰ ਡਰਾਉਣ ਧਮਕਾਉਣ ਲੱਗ ਪਿਆ। ਉਸ ਨੇ ਮੈਨੂੰ ਬਦਮਾਸ਼ੀ ਤੇ ਧਮਕੀ ਭਰੇ ਲਹਿਜ਼ੇ ਵਿਚ ਕਿਹਾ, "ਡੀ.ਐੱਸ.ਪੀ. ਤੂੰ ਮੇਰਾ ਕੁਝ ਨਹੀਂ ਵਿਗਾੜ ਸਕਦਾ! ਜਿੱਥੇ ਮਰਜ਼ੀ ਲੈ ਚੱਲ, ਤੂੰ ਮੈਨੂੰ ਵਾਪਿਸ ਉਥੇ ਹੀ ਛੱਡ ਕੇ ਜਾਵੇਂਗਾ!"

ਖੈਰ! ਮੈਂ ਪੁਲਿਸ ਸਟੇਸ਼ਨ ਪਹੁੰਚਿਆ ਹੀ ਸਾਂ ਕਿ ਇਕ ਉੱਚ ਪੁਲਿਸ ਅਫ਼ਸਰ ਦਾ ਫ਼ੋਨ ਆ ਗਿਆ, ਉਸ ਨੇ ਮੈਨੂੰ ਕਿਹਾ ਕਿ ਇਸ ਲੜਕੇ ਨੂੰ ਤੁਰੰਤ ਉਥੇ ਹੀ ਛੱਡ ਆਓ, ਜਿੱਥੋਂ ਲਿਆਂਦਾ ਏ।"

ਮੈਂ ਫ਼ੋਨ ਉੱਪਰ ਹੀ ਉਸ ਉੱਚ ਅਧਿਕਾਰੀ ਨੂੰ ਕਿਹਾ, "ਸਰ! ਇਸ ਲੜਕੇ ਨੇ ਬਲਾਤਕਾਰ ਕੀਤਾ ਹੈ, ਜਿਸ ਦੇ ਸਾਰੇ ਸਬੂਤ ਮੇਰੇ ਕੋਲ ਹਨ ਲੜਕੀ ਖੁਦ ਗਵਾਹ ਹੈ।" ਪਰ ਉਸ ਉੱਚ ਅਧਿਕਾਰੀ ਨੇ ਮੈਨੂੰ ਸਖ਼ਤ ਡਾਂਟਦੇ ਹੋਏ ਹਦਾਇਤ ਕੀਤੀ ਕਿ ਮੇਰੇ ਹੁਕਮਾਂ ਦੀ ਉਲੰਘਣਾ ਨਾ ਕਰੋ, ਇਸ ਨੂੰ ਤੁਰੰਤ ਉਥੇ ਛੱਡ ਆਓ, ਨੌਕਰੀ ਕਰਨੀ ਹੈ ਜਾਂ ਨਹੀਂ?

ਮੇਰੇ ਸਾਹਮਣੇ ਖੜ੍ਹਾ ਉਹ ਬਲਾਤਕਾਰੀ ਲੜਕਾ ਬੁੱਲ੍ਹਾਂ ਵਿਚ ਨੇਤਾਵਾਂ ਵਰਗਾ ਖਚਰਾ ਹਾਸਾ ਹੱਸ ਰਿਹਾ ਸੀ, ਜਿਸ ਵਿਚ ਮੇਰੀ ਤੌਹੀਨ ਸ਼ਾਮਿਲ ਸੀ। ਉਸ ਲੜਕੇ ਨੇ ਨੇਤਾਗਿਰੀ ਦੇ ਲਹਿਜ਼ੇ ਵਿਚ ਕਿਹਾ, "ਤੂੰ ਮੇਰਾ ਕੁਝ ਨਹੀਂ ਵਿਗਾੜ ਸਕਦਾ।"

ਮੈਂ ਕੁਝ ਪਲ ਸੋਚਿਆ। ਉਸ ਲੜਕੇ ਨੇ ਫਿਰ ਮੈਨੂੰ ਲਲਕਾਰ ਭਰੇ ਲਹਿਜ਼ੇ ਵਿਚ ਕਿਹਾ, "ਡੀ.ਐੱਸ.ਪੀ. ਮੈਨੂੰ ਜਿਥੋਂ ਲਿਆਂਦਾ, ਉਥੇ ਛੱਡ ਕੇ ਆ ਹੁਣੇ!"

ਮੇਰੀ ਜ਼ਮੀਰ ਦੇ ਜਿਵੇਂ ਟੁਕੜੇ-ਟੁਕੜੇ ਹੋ ਗਏ ਹੋਣ। ਜਿਵੇਂ ਇਸ ਵਰਦੀ ਦੀ ਤੌਹੀਨ ਕੀਤੀ ਜਾ ਰਹੀ ਹੋਵੇ। ਜਿਵੇਂ ਕਾਨੂੰਨ ਅਪਾਹਿਜ਼ ਹੋ ਗਿਆ ਹੋਵੇ। ਜਿਵੇਂ ਇਨਸਾਨੀਅਤ ਦੇ ਢਿੱਡ 'ਚ ਖੰਜਰ ਖੋਭ ਦਿੱਤਾ ਹੋਵੇ। ਮੇਰੀਆਂ ਅੱਖਾਂ 'ਚ ਖ਼ੂਨ ਤੈਰ ਗਿਆ। ਪਰ ਮੈਂ ਮਜ਼ਬੂਰ ਸਾਂ। ਇਕ ਪਾਸੇ ਨੌਕਰੀ, ਇਕ ਪਾਸੇ ਗ਼ਲਤ ਹੁਕਮ, ਇਕ ਪਾਸੇ ਮੇਰੀ ਤੇ ਮੇਰੇ ਖ਼ਾਨਦਾਨ ਦੀ ਜ਼ਮੀਰ! ਮੇਰੇ ਦਿਮਾਗ਼ ਵਿਚ ਕਈ ਸਵਾਲ-ਜਵਾਬ ਉਭਰੇ ਪਰ ਆਖ਼ਿਰ ਮੈਂ ਫੈਸਲਾ ਕਰ ਲਿਆ ਕਿ ਮੈਂ ਇਸ ਬਲਾਤਕਾਰੀ ਨੂੰ ਛੱਡਣ ਨਹੀਂ ਜਾਵਾਂਗਾ। ਮੈਂ ਉਸ ਬਲਾਤਕਾਰੀ ਲੜਕੇ ਨੂੰ ਕੁਝ ਨਹੀਂ ਕਿਹਾ। ਦਫ਼ਤਰ ਜਾ ਕੇ ਅਸਤੀਫਾ ਲਿਖਿਆ ਤੇ ਆਪਣੇ ਉੱਚ ਪੁਲਿਸ ਅਧਿਕਾਰੀ ਨੂੰ ਦੇਂਦਿਆਂ ਕਿਹਾ, "ਮੈਂ ਉਸ ਬਲਾਤਕਾਰੀ ਲੜਕੇ ਨੂੰ ਕਿਸੇ ਵੀ ਕੀਮਤ 'ਤੇ ਛੱਡਣ ਨਹੀਂ ਜਾ ਸਕਦਾ।" ਅਸਤੀਫਾ ਦੇ ਕੇ ਮੈਂ ਸਿੱਧਾ ਘਰ (ਆਪਣੇ ਸਰਕਾਰੀ ਕਵਾਟਰ) ਵਿਚ ਆ ਗਿਆ। ਫ਼ੋਨ 'ਤੇ ਮੈਂ ਆਪਣੇ ਪਿਤਾ ਜੀ ਨੂੰ ਨਹੀਂ ਬਲਕਿ ਆਪਣੇ ਦਾਦਾ ਜੀ ਨੂੰ ਸਾਰੀ ਗੱਲ ਦੱਸ ਦਿੱਤੀ। ਦਾਦਾ ਜੀ ਨੇ ਕਿਹਾ, "ਸ਼ਾਬਾਸ਼ ਬੇਟਾ! ਤੂੰ ਸਾਡੀ ਇੱਜ਼ਤ ਰੱਖ ਲਈ ਏ, ਜਿਉਂਦੇ ਰਹੁ ਮੇਰੇ ਲਾਲ, ਮੇਰੀ ਉਮਰ ਵੀ ਸੋਹਣਿਆ ਪੁੱਤਰਾ ਤੈਨੂੰ ਲੱਗ ਜਾਏ। ਅੱਜ ਤੂੰ ਆਪਣੇ ਖਾਨਦਾਨ ਦੀ ਸ਼ਾਨ ਵਧਾ ਦਿੱਤੀ ਏ। ਤੂੰ ਦੱਸ ਦਿੱਤਾ ਏ ਸਮਾਜ ਨੂੰ, ਗੰਦੇ ਲੋਕਾਂ ਨੂੰ, ਕਿ ਜ਼ਮੀਰ ਜ਼ਿੰਦਾ ਏ। ਸੱਚ ਮੇਰਿਆ ਪੁੱਤਰਾ ਵਾਪਿਸ ਆ ਹੁਣੇ, ਮੇਰੇ ਗਲੇ ਲੱਗ ਜਾ। ਆ ਜਾ ਮੇਰਾ ਪੁੱਤਰ!"

ਦਾਦਾ ਜੀ ਦੇ ਇਨ੍ਹਾਂ ਸ਼ਬਦਾਂ ਨੇ ਮੈਨੂੰ ਹੋਰ ਬੱਲ ਦੇ ਦਿੱਤਾ। ਪਿਤਾ ਜੀ ਅਤੇ ਸਾਰੇ ਪਰਿਵਾਰ ਨੂੰ ਇਸ ਗੱਲ ਦਾ ਪਤਾ ਚੱਲ ਗਿਆ ਸੀ। ਪਿਤਾ ਜੀ ਨੇ ਵੀ ਮੈਨੂੰ ਸ਼ਾਬਾਸ਼ ਦਿੱਤੀ।

ਸਾਡਾ ਜੱਦੀ ਪੁਸ਼ਤੀ ਲੱਕੜ ਦਾ ਕੰਮ ਸੀ। ਇਹ ਕੰਮ ਮੈਂ ਸੰਭਾਲ ਲਿਆ। ਆਧੁਨਿਕ ਢੰਗਾਂ ਨਾਲ ਵੱਡਾ ਸਟੋਰ ਬਣਾ ਲਿਆ। ਅੱਜਕਲ੍ਹ ਮੈਨੂੰ ਦੋ-ਤਿੰਨ ਲੱਖ ਰੁਪਏ ਮਹੀਨੇ ਦੀ ਆਮਦਨ ਹੈ।

ਬਸ ਇਮਾਨਦਾਰੀ ਦੀ ਰੋਟੀ ਖਾ ਰਹੇ ਹਾਂ। ਇਸ ਵਿਚ ਹੀ ਸੰਤੋਖ ਹੈ, ਪ੍ਰਭੂ ਹੈ, ਮਾਨ-ਸਨਮਾਨ ਹੈ। ਪ੍ਰਭੂ ਦੀ ਕ੍ਰਿਪਾ ਹੈ। ਹੁਣ ਤੁਹਾਡੇ ਸਾਹਮਣੇ ਹਾਂ। ਪਰ, ਮੈਂ ਵੇਖਿਆ ਏ ਪੁਲਿਸ ਵਾਲਿਆਂ ਦੇ ਹੱਥ ਤਾਂ ਨੌਕਰੀ ਤੋਂ ਪਹਿਲਾਂ ਹੀ ਵੱਢ ਲੈਂਦੇ ਹਨ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ

## ਸੋਧ

**ਜੂਨ 2016 ਦੇ ਮੈਗਜ਼ੀਨ ਲੁਬਾਣਾ ਸੇਵਕ ਵਿਚ ਦਾਨੀ ਸੱਜਣਾਂ ਦੀ ਸੂਚੀ ਵਿਚ ਸ. ਹਰਭਜਨ ਸਿੰਘ ਚੀਫ਼ ਇੰਜੀ. (ਰਿਟਾ.) ਅਤੇ ਸ. ਪ੍ਰੀਤਮ ਸਿੰਘ ਨਾਰੰਗਪੁਰ ਦਾ ਟਾਈਪ ਦੀ ਗਲਤੀ ਨਾਲ ਅਹੁਦਾ ਮੀਤ ਪ੍ਰਧਾਨ ਲਿਖਿਆ ਗਿਆ ਸੀ ਜਦ ਕਿ ਉਹ ਸਾਬਕਾ ਪ੍ਰਧਾਨ ਹਨ। ਇਸ ਗਲਤੀ ਦਾ ਲੁਬਾਣਾ ਸੇਵਕ ਨੂੰ ਅਫ਼ਸੋਸ ਹੈ।**

# ਲਾਇਬਰੇਰੀ



**ਸੇਵਕ ਕਉ ਸੇਵਾ ਬਨਿ ਆਈ॥**

**ਹੁਕਮੁ ਬੂਝਿ ਪਰਮ ਪਦੁ ਪਾਈ॥**

ਲੁਬਾਣਾ ਸੇਵਕ ਦੇ ਪਾਠਕਾਂ ਨੂੰ ਇਹ ਜਾਣ ਕਿ ਅਤਿਅੰਤ ਖੁਸ਼ੀ ਹੋਵੇਗੀ ਕਿ ਭਵਨ ਵਿਖੇ ਜੋ ਲਾਇਬਰੇਰੀ ਸੁਸ਼ੋਭਿਤ ਹੈ ਉੱਥੇ ਦੀਆਂ ਸਾਰੀਆਂ ਕਿਤਾਬਾਂ ਦਾ ਕੰਪਿਊਟਰੀਕਰਨ ਕਰ ਦਿੱਤਾ ਗਿਆ ਹੈ। ਸ. ਐਨ.ਪੀ. ਸਿੰਘ (ਰਿਟਾ.) ਚੀਫ ਬੈਂਕ ਮੈਨੇਜਰ ਅਤੇ ਫਾਊਂਡੇਸ਼ਨ ਦੇ ਕਾਰਜਕਾਰਨੀ ਮੈਂਬਰ ਦੀ ਦੇਖ-ਰੇਖ ਵਿਚ ਇਹ ਕੰਮ ਕੀਤਾ ਗਿਆ ਹੈ। ਇਸ ਵਿਚ ਸਾਰੀਆਂ ਕਿਤਾਬਾਂ ਦਾ ਰਿਕਾਰਡ ਰੱਖਿਆ ਗਿਆ ਹੈ ਅਤੇ ਕਿਤਾਬਾਂ ਨੂੰ ਵਿਸ਼ੇ ਸੰਬੰਧੀ ਵਰਗੀਕਰਨ ਕਰ ਦਿੱਤਾ ਗਿਆ ਹੈ ਅਤੇ ਖਾਸ ਪੁਸਤਕਾਂ ਦਾ ਲੇਖਾ ਅਲੱਗ ਰੱਖਿਆ ਜਾਵੇਗਾ ਤਾਂ ਜੋ ਪੜ੍ਹਨ ਵਾਲੇ ਪਾਠਕਾਂ ਨੂੰ ਸਹੂਲੀਅਤ ਹੋਵੇ।

ਇਹ ਕੰਮ ਐਨ.ਪੀ. ਸਿੰਘ ਨੇ ਸੇਵਾ ਮੁਕਤ ਹੋਣ ਤੋਂ ਤੁਰੰਤ ਬਾਅਦ ਅਤੇ ਆਪਣੀ ਇੱਛਾ ਅਨੁਸਾਰ ਆਪਣੇ ਹੱਥ ਵਿਚ ਲਿਆ ਹੈ ਜੋ ਕਿ ਬਹੁਤ ਸ਼ਲਾਘਾਯੋਗ ਹੈ।

ਜੇ ਸਾਰੇ ਮੈਂਬਰ ਆਪਣੇ ਆਪਣੇ ਕਿੱਤਿਆਂ ਮੁਤਾਬਿਕ ਸੇਵਾ ਵਾਸਤੇ ਅੱਗੇ ਆਉਣ ਤਾਂ ਭਵਨ/ਬਰਾਦਰੀ ਦਾ ਹੋਰ ਸੁਧਾਰ ਤੇ ਲਾਭ ਹੋ ਸਕਦਾ ਹੈ। ਸੋ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਯਥਾਸ਼ਕਤੀ ਮੁਤਾਬਿਕ ਸੇਵਾ ਵਿਚ ਯੋਗਦਾਨ ਪਾਓ ਅਤੇ ਬਾਬਾ ਮੱਖਣ ਸ਼ਾਹ ਦੀਆਂ ਖੁਸ਼ੀਆ ਪ੍ਰਾਪਤ ਕਰੋ।

**(ਹਰਬੰਸ ਸਿੰਘ)**

**ਜਨਰਲ ਸਕੱਤਰ**

# ਸ਼ੋਕ ਸਮਾਚਾਰ

ਸ. ਸੁਖਦੇਵ ਸਿੰਘ ਵਾਸੀ ਪਿੰਡ ਬਲੜ੍ਹਵਾਲ, ਨਵਾਂ ਬਲਾਕ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ-ਗੁਰਦਾਸਪੁਰ ਦੇ ਪਿਤਾ ਜੀ ਜੋ 98 ਸਾਲ ਦੀ ਉਮਰ ਭੋਗ ਕੇ 2 ਮਈ 2016 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦੇ ਭੋਗ ਅਤੇ ਅੰਤਿਮ ਅਰਦਾਸ ਉਪਰੰਤ ਉਨ੍ਹਾਂ ਦੀ ਯਾਦ ਵਿਚ ਪਰਿਵਾਰ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ 1100/- ਰੁਪਏ ਦਾਨ ਵਜੋਂ ਭੇਜੇ ਹਨ ਜਿਸ ਲਈ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ ਅਤਿ ਧੰਨਵਾਦੀ ਹੈ ਅਤੇ ਇਸ ਦੁੱਖ ਦੇ ਸਮੇਂ ਵਿਚ ਉਨ੍ਹਾਂ ਦੇ ਸਮੁੱਚੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ ਅਤੇ ਉਨ੍ਹਾਂ ਦੀ ਰੂਹ ਦੀ ਆਤਮਿਕ ਸ਼ਾਂਤੀ ਲਈ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਚੜ੍ਹਦੀ ਕਲਾ ਤੇ ਭਾਣਾ ਮੰਨਣ ਦਾ ਬਲ ਬਖਸ਼ੇ।

**(ਹਰਬੰਸ ਸਿੰਘ)**

**ਜਨਰਲ ਸਕੱਤਰ**

# ਸ਼ੋਕ ਸਮਾਚਾਰ



ਪਿਛਲੇ ਦਿਨੀਂ ਜੋਗਿੰਦਰ ਸਿੰਘ ਅਜੈਬ ਦੇ ਮਾਤਾ ਜੀ ਸ੍ਰੀਮਤੀ ਸੁਮਿਤਰ ਕੌਰ ਜੀ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਲਗਭਗ 83 ਸਾਲ ਦੀ ਉਮਰ ਭੋਗ ਕੇ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ। ਉਨ੍ਹਾਂ ਦੀ ਸ਼ਾਦੀ 1952 ਵਿਚ ਸ. ਸ਼ੰਗਾਰਾ ਸਿੰਘ ਨਾਲ ਪਿੰਡ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਹੋਈ ਸੀ। ਉਨ੍ਹਾਂ ਦੇ 6 ਬੱਚੇ ਸਨ। ਸਭ ਤੋਂ ਵੱਡਾ ਸਪੁੱਤਰ ਸ. ਜੋਗਿੰਦਰ ਸਿੰਘ ਅਜੈਬ, ਸਪੁੱਤਰੀ ਸ੍ਰੀਮਤੀ ਦਲਜੀਤ ਕੌਰ, ਸ੍ਰੀਮਤੀ ਬਲਵਿੰਦਰ ਕੌਰ, ਸ੍ਰੀਮਤੀ ਸਤਪਾਲ ਕੌਰ, ਸਪੁੱਤਰ ਸ. ਸੁਖਵਿੰਦਰ ਸਿੰਘ (ਸਪੇਨ) ਅਤੇ ਸਭ ਤੋਂ ਛੋਟਾ ਸਵ. ਨਰਿੰਦਰ ਸਿੰਘ ਹੈਪੀ (ਗੁੰਗਾ) ਹੈ। ਉਹਨਾਂ ਦੀ ਅੰਤਮ ਅਰਦਾਸ ਵਿਚ ਇਲਾਕੇ ਦੀਆਂ ਮੁੱਖ ਸਖ਼ਸ਼ੀਅਤਾਂ ਮਾਨਯੋਗ ਬੀਬੀ ਜਗੀਰ ਕੌਰ, ਸਵਰਨ ਸਿੰਘ ਜੋਸ਼ ਚੇਅਰਮੈਨ, ਪ੍ਰੀਤਮ ਸਿੰਘ ਨਾਰੰਗਪੁਰ, ਪਰਮਿੰਦਰਜੀਤ ਸਿੰਘ, ਸੁਰਿੰਦਰ ਸਿੰਘ ਰੂਬੀ, ਜਸਵੰਤ ਸਿੰਘ ਫਰਾਂਸ, ਹਰਜੀਤ ਸਿੰਘ ਯੂ.ਐਸ.ਏ., ਜਸਵਿੰਦਰ ਸਿੰਘ ਬਿੱਲਾ ਕੌਂਸਲਰ ਜਲੰਧਰ, ਸੁਖਵਿੰਦਰ ਸਿੰਘ ਬਿੱਲਾ ਕੌਂਸਲਰ ਬੇਗੋਵਾਲ ਅਤੇ ਹੋਰ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਅਧਿਆਪਕ ਆਗੂਆਂ ਨੇ ਵੱਡੀ ਗਿਣਤੀ ਵਿਚ ਸ਼ਾਮਿਲ ਹੋ ਕੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਮਾਤਾ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

**ਪਰਮਿੰਦਰਜੀਤ ਸਿੰਘ**

# ਮੰਨ ਵਿਚ ਵਸੇ ਹੋਏ

**By Amrik Singh Ex. Member BBMB**
**Now in Chicago, USA.**

**“ ਜਦੋਂ ਮੇਰੀ ਪਤਨੀ ਵਾਪਸ ਭਾਰਤ ਆਉਣ ਲੱਗੇ ਤਾਂ ਇਕ ਰਿਸ਼ਤੇਦਾਰ ਨੇ ਸਾਡੇ ਪੁੱਤਰ ਨੂੰ ਸਲਾਹ ਦਿੱਤੀ ਕਿ ਜੀਨਾਂ ਨੂੰ ਭਾਰਤ ਸਾਡੇ ਕੋਲ ਭੇਜ ਦੇਵੇ। ਜੀਨਾਂ ਅੱਠ ਮਹੀਨੇ ਦੀ ਹੋਈ ਤਾਂ ਮੇਰੀ ਪਤਨੀ ਉਸ ਨੂੰ ਆਪਣੇ ਨਾਲ ਵਾਪਸ ਭਾਰਤ ਲੈ ਆਈ। ਛੋਟੇ ਬੱਚੇ ਨਾਲ ਸਾਡਾ ਵਕਤ ਬੜਾ ਚੰਗਾ ਲੰਘਦਾ। ਜੀਨਾਂ ਸਾਨੂੰ ਮੰਮੀ ਪਾਪਾ ਕਹਿੰਦੀ ਉਹਨੂੰ ਪਤਾ ਨਹੀਂ ਸੀ ਕਿ ਅਸੀਂ ਉਹਦੇ ਮਾਂ-ਪਿਉ ਨਹੀਂ ਹਾਂ ਬਲਕਿ ਦਾਦਾ ਦਾਦੀ ਹਾਂ। ਜਦੋਂ ਮੈਂ ਦਫਤਰ ਤੋਂ ਘਰ ਆਉਂਦਾ, ਉਸਦੀ ਪਿਆਰੀ ਮਿੱਠੀ ਮੁਸਕਰਾਹਟ ਨਾਲ ਮੇਰੀ ਸਾਰੀ ਥਕਾਵਟ ਦੂਰ ਹੋ ਜਾਂਦੀ। ਆਪਣੇ ਬੱਚਿਆਂ ਨਾਲ ਅਸੀਂ ਆਮ ਤੌਰ ਤੇ ਇੰਨਾਂ ਨਰਮ ਨਹੀਂ ਰਹਿੰਦੇ ਹਾਂ ਪਰ ਪੋਤਰੇ-ਪੋਤਰੀਆਂ ਨਾਲ ਬੜੇ ਨਰਮੀ ਨਾਲ ਪੇਸ਼ ਆਉਂਦੇ ਹਾਂ। ਜੀਨਾਂ ਨੇ ਸਾਨੂੰ ਬੜਾ ਪਿਆਰ ਦਿੱਤਾ ਅਤੇ ਅਸੀਂ ਉਸਨੂੰ। ਸਾਡੇ ਕੋਈ ਲੜਕੀ ਨਹੀਂ ਸੀ ਸੋ ਮੇਰੀ ਪਤਨੀ ਨੇ ਬੜੀਆਂ ਰੀਝਾਂ ਨਾਲ ਉਸਨੂੰ ਪਾਲਿਆ। ਜੀਨਾਂ ਦੇ ਮਾਂ-ਪਿਉ ਦੋਨਾਂ ਵਿਚੋਂ ਕੋਈ ਇਕ; ਸਾਲ ਵਿਚ ਸਾਡੇ ਕੋਲ ਭਾਰਤ ਜ਼ਰੂਰ ਆਉਂਦੇ। ਸਾਨੂੰ ਬੜਾ ਚੰਗਾ ਲੱਗਦਾ ਭਾਵੇਂ ਇਕ ਮਹੀਨਾ ਹੀ ਭਾਰਤ ਠਹਿਰਦੇ। ਜੀਨਾਂ ਦੇ ਸਾਡੇ ਕੋਲ ਰਹਿੰਦਿਆਂ ਮੈਂ ਨਿਗਰਾਨ ਇੰਜੀਨੀਅਰ ਤੋਂ ਮੁੱਖ ਇੰਜੀਨੀਅਰ ਤੇ ਫਿਰ ਬੋਰਡ ਦਾ ਮੈਂਬਰ ਬਣ ਗਿਆ। ਹੁਣ ਜੀਨਾਂ 5 ਸਾਲ ਦੀ ਹੋ ਗਈ। ਉਹਦੇ ਮਾਂ-ਪਿਉ ਨੇ ਕਿਹਾ ਕਿ ਜੀਨਾਂ ਹੁਣ ਉਹਨਾਂ ਕੋਲ ਅਮਰੀਕਾ ਰਹੇਗੀ। ਉਸਨੂੰ ਮੇਰੀ ਪਤਨੀ ਉਹਨਾਂ ਕੋਲ ਅਮਰੀਕਾ ਲੈ ਗਈ। ਕੁਝ ਮਹੀਨੇ ਉਥੇ ਰਹਿ ਕੇ ਜੀਨਾਂ ਉਹਨਾਂ ਦੀ ਅਮਾਨਤ ਵਾਪਿਸ ਕਰ ਆਈ। ਜੀਨਾਂ ਦੀਆਂ ਸਾਡੇ ਨਾਲ ਰਹਿੰਦਿਆਂ ਦੀਆਂ ਅਣਗਿਣਤ ਅਭੁੱਲ ਯਾਦਾਂ ਹਨ। ”**

ਮਹਾਂਪੁਰਸ਼ ਫ਼ਰਮਾਉਂਦੇ ਹਨ ਕਿ ਸਾਡੇ ਨਾਲ ਵਾਪਰੀਆਂ ਜਨਮਾਂ-ਜਨਮਾਂ ਦੀਆਂ ਘਟਨਾ ਮੰਨਾਂ ਵਿਚ ਮੌਜੂਦ ਹਨ, ਜਿੰਨਾਂ ਉਪਰ ਉਸ ਦਾਤੇ ਨੇ ਪੜਦਾ ਪਾਇਆ ਹੋਇਆ ਹੈ। ਹੁਣ ਦੇ ਜਨਮਾਂ ਦੀਆਂ ਕੁਝ ਗਲਾਂ ਜਾਂ ਘਟਨਾ ਸਾਨੂੰ ਕਾਫੀ ਹੱਦ ਤੱਕ ਯਾਦ ਹਨ। ਕੁਝ ਐਸੀਆਂ ਹਨ ਜਿਹੜੀਆਂ ਕੇ ਮੰਨ ਵਿਚ ਘਰ ਕਰ ਜਾਦੀਆਂ ਹਨ। ਇਸ ਤਰ੍ਹਾਂ ਸਾਡੇ ਸਭ ਨਾਲ ਹੁੰਦਾ ਹੈ। ਕੁਝ ਕੁ ਬਾਰੇ ਜੋ ਮੇਰੇ ਮੰਨ ਵਿਚ ਵਸੀਆਂ ਹੋਈਆਂ ਸਖ਼ਸ਼ੀਅਤਾਂ ਜਾਂ ਘਟਨਾ ਹਨ ਉਹਨਾਂ ਦਾ ਜ਼ਿਕਰ ਕਰਦਾ ਹਾਂ।

ਸੰਨ 1943 ਪਿੰਡ ਕੋਟ ਪਿੰਡੀ ਦਾਸ ਜ਼ਿਲ੍ਹਾ ਸ਼ੇਖਪੁਰਾ ਵਿਚ ਰੱਬ ਨੇ ਚੰਗੇ ਸੰਸਕਾਰਾਂ ਵਾਲੇ ਮਾਂ-ਪਿਉ ਦੇ ਘਰ ਮੈਨੂੰ ਜਨਮ ਬਖ਼ਸ਼ਿਆ। ਮਾਂ-ਪਿਉ ਮੈਨੂੰ ਨਹੀਂ ਭੁੱਲਦੇ ਮਾਨੋ ਮੰਨ ਵਿਚ ਵਸੇ ਹੋਣ। ਬੜੇ ਮਿਹਨਤੀ, ਈਮਾਨਦਾਰ, ਚੰਗੇ ਸਬੰਧ ਰੱਖਦੇ ਸਭ ਨਾਲ। ਸਾਡੇ ਪਿਤਾ ਜੀ ਘਰ ਵਿਚੋਂ ਆਪਣੇ ਸਭ ਭੈਣ ਭਰਾਵਾਂ ਤੋਂ ਵੱਡੇ ਸਨ। ਸਾਡੀ ਮਾਂ ਵੀ ਆਪਣੇ ਘਰ ਵਿਚੋਂ ਸਭ ਤੋਂ ਵੱਡੇ ਸਨ। ਭਾਪਾ ਜੀ ਦੀ ਮਾਂ ਪੂਰੇ ਹੋਣ ਦੇ ਬਾਅਦ ਸਾਡੇ ਦਾਦਾ ਜੀ ਨੇ ਦੂਸਰੀ ਸ਼ਾਦੀ ਕਰ ਲਈ। ਸਾਡੇ ਚਾਚੇ ਅਤੇ ਭੂਆ ਉਹਨਾਂ ਨੂੰ ਭਾ ਅਤੇ ਭਾਬੀ ਕਰ ਕੇ ਬੁਲਾਂਦੇ, ਸੋ ਅਸੀਂ ਪਿਉ ਨੂੰ ਭਾਪਾ ਜੀ ਤੇ ਮਾਂ ਨੂੰ ਭਾਬੀ ਜੀ ਕਹਿੰਦੇ। ਉਹਨਾਂ ਦੇ ਭੈਣ ਭਰਾ ਉਹਨਾਂ ਦਾ ਬਹੁਤ ਸਤਿਕਾਰ ਕਰਦੇ। ਸਾਡੇ ਸਭ ਤੋਂ ਵੱਡੇ ਚਾਚਾ ਜੀ 12 ਸਾਲ ਛੋਟੇ ਸਨ ਭਾਪਾ ਜੀ ਤੋਂ ਪਰ ਉਹ ਵੀ ਭਾਪਾ ਜੀ ਅਤੇ ਭਾਬੀ ਜੀ ਨੂੰ ਜਦੋਂ ਮਿਲਦੇ ਤਾਂ ਗੋਡੇ ਹੱਥ ਲਾ ਕੇ ਕਹਿੰਦੇ, ਮੱਥਾ ਟੇਕਦਾ ਹਾਂ। ਬਾਕੀ ਭਰਾ ਵੀ ਇਸੇ ਤਰ੍ਹਾਂ ਹੀ ਮਿਲਦੇ। ਮੈਂ ਨਹੀਂ ਦੇਖਿਆ ਕਿ ਭੈਣ ਭਰਾਵਾਂ ਤੋਂ ਇੰਨਾਂ ਸਤਿਕਾਰ ਕਿਸੇ ਨੂੰ ਮਿਲਿਆ ਹੋਵੇ। ਉਹਨਾਂ ਦੇ ਪਰਿਵਾਰ ਵਿਚ ਆਪਸ ਵਿਚ ਕਿਸੇ ਕਿਸਮ ਦਾ ਵਿਤਕਰਾ ਨਹੀਂ ਸੀ।

ਸਾਡੇ ਭਾਪਾ ਜੀ ਅਤੇ ਭਾਬੀ ਜੀ ਦੀਆਂ ਸ਼ੁਭ-ਇੱਛਾਵਾਂ ਦਾ ਘੇਰਾ ਬਹੁਤ ਵੱਡਾ ਸੀ ਦੋਸਤਾਂ ਨਾਲ, ਅਜ਼ੀਜ਼, ਦੁਸ਼ਮਣਾਂ, ਆਂਢ-ਗੁਆਂਢ ਨਾਲ, ਪਿੰਡ ਵਾਲਿਆਂ ਨਾਲ, ਰਿਸ਼ਤੇਦਾਰਾਂ ਨਾਲ, ਵੱਡੇ-ਛੋਟੇ ਨਾਲ ਗਲ ਕੀ ਜਿਸ ਨਾਲ ਵੀ ਵਾਹ ਪੈਂਦਾ। ਅਸੀਂ ਮਾਂ ਦੇ ਜ਼ਿਆਦਾ ਨਜ਼ਦੀਕ ਹੁੰਦੇ। ਭਾਪਾ ਜੀ ਭਾਵੇਂ ਕੁਝ ਨਾਂ ਕਹਿੰਦੇ ਪਰ ਥੋੜ੍ਹਾ ਡਰ ਰਹਿੰਦਾ ਉਹਨਾਂ ਤੋਂ। ਭਾਪਾ ਜੀ ਸਦਾ ਹੀ ਮੈਨੂੰ ਸ਼ੁਰੂ ਦੀ ਜ਼ਿੰਦਗੀ ਤੋਂ ਲੈ ਕੇ ਅਖੀਰ ਤਕ ਬਹੁਤ ਹੱਲਾਸ਼ੇਰੀ ਦਿੰਦੇ ਰਹਿੰਦੇ। ਉਹਨਾਂ ਨੇ ਮੈਨੂੰ ਹਮੇਸ਼ਾ ਬੇਹਤਰ ਕਰਨ ਲਈ ਪਰੇਰਿਆ। ਸਕੂਲ ਤੋਂ ਜਦੋਂ ਪਰਚੇ ਨੰਬਰ ਲਗ ਕੇ ਮਿਲਦੇ ਤਾਂ ਹਮੇਸ਼ਾ ਮੈਨੂੰ ਪੁੱਛਦੇ ਹਰ ਮਜ਼ਮੂਨ ਬਾਰੇ ਕਿ ਕਿੰਨੇ ਨੰਬਰ ਆਏ ਹਨ। ਬੜੇ ਧਿਆਨ ਨਾਲ ਸੁਣਦੇ। ਮੈਂ ਵੀ ਖ਼ੁਸ਼ੀ ਨਾਲ ਦੱਸਦਾ। ਦੂਜੇ ਜਾਂ ਤੀਜੇ ਨੰਬਰ ਤੇ ਆਪਣੀ ਜਮਾਤ ਵਿਚੋਂ ਆਉਂਦਾ। ਕਹਿੰਦੇ ਪਹਿਲੇ ਨੰਬਰ ਤੇ ਆ ਸਕਦਾ ਹੈਂ। ਪਰ ਮੈਂ ਪਹਿਲੇ ਨੰਬਰ ਤੇ ਕਦੀ ਨਾਂ ਆਇਆ। ਇਹ ਸਿਲਸਿਲਾ ਕਾਲਜ ਦੀ ਪੜ੍ਹਾਈ ਤਕ ਰਿਹਾ। ਸ. ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਇਕ ਵਾਰੀ ਸਾਡੇ ਇਲਾਕੇ ਵਿਚ ਆਏ। ਆਪਣੀ ਤਕਰੀਰ ਵਿਚ ਉਹਨਾਂ ਨੇ ਕਿਹਾ ਕਿ ਬੱਚਿਆਂ ਨੂੰ ਸਾਇੰਸ ਦੇ ਮਜ਼ਮੂਨ ਰੱਖਣੇ ਚਾਹੀਦੇ ਹਨ। ਭਾਪਾ ਜੀ ਮੈਨੂੰ ਕਹਿੰਦੇ ਸਾਇੰਸ ਪੜ੍ਹੀ। ਅਸੀਂ ਸੱਤ ਭੈਣ ਭਰਾ

ਸੀ; ਮੇਰਾ ਨੰਬਰ ਛੇਵਾਂ ਹੈ। ਵੱਡੇ ਭਰਾ ਅਤੇ ਭੈਣਾਂ ਨੇ ਬਹੁਤ ਪਿਆਰ ਦਿੱਤਾ ਜਿਹੜਾ ਕਿ ਮੇਰੀ ਅਭੁੱਲ ਯਾਦ ਹੈ।

ਮੈਂ ਚੌਥੀ ਜਮਾਤ ਤੱਕ ਇਕ ਸਕੂਲ ਵਿਚ ਪੜ੍ਹਿਆ ਜਿਥੇ ਦੇ ਅਧਿਆਪਕ ਲਾਪਰਵਾਹ ਸਨ। ਵਿਦਿਆਰਥੀਆਂ ਦਾ ਕੋਈ ਖਿਆਲ ਨਾ ਰੱਖਦੇ। ਸਾਡੀ ਜ਼ਮੀਨ ਰੌਦ ਹੋ ਕੇ ਕਿਸੇ ਹੋਰ ਪਿੰਡ ਜਾ ਪਈ। ਉਥੇ ਦੇ ਦੂਸਰੇ ਨੰਬਰ ਦੇ ਮੁੱਖ-ਅਧਿਆਪਕ ਬਾਵਾ ਨਿਰੰਜਨ ਸਿੰਘ ਜੀ ਸਨ, ਜੋ ਸਾਡੇ ਦੂਰ ਦੇ ਰਿਸ਼ਤੇਦਾਰ ਸਨ ਮੈਨੂੰ ਬੜੀ ਹੱਲਾਸ਼ੇਰੀ ਦਿੰਦੇ; ਉਹਨਾਂ ਦੇ ਪਿਆਰ ਨੇ ਮੈਨੂੰ ਘੱਟ ਨੰਬਰ ਲੈਣ ਵਾਲੇ ਨੂੰ ਜਮਾਤ ਵਿਚੋਂ ਦੂਜੇ ਜਾਂ ਤੀਜੇ ਨੰਬਰ ਤੇ ਲੈ ਆਉਂਦਾ। ਇਹ ਬਾਵਾ ਨਿਰੰਜਨ ਸਿੰਘ ਜੀ ਸਦਕਾ ਹੀ ਹੋਇਆ। ਉਹ ਮੁੱਖ ਅਧਿਆਪਕ ਬਣ ਗਏ। ਬੜੇ ਮਿਲਾਪੜੇ ਇਨਸਾਨ ਸਨ। ਮੇਰੀ ਕਾਮਯਾਬੀ ਤੇ ਬਹੁਤ ਖੁਸ਼ ਹੁੰਦੇ। ਮੇਰੀ ਪੜ੍ਹਾਈ ਵਿਚ ਰੁਚੀ ਬਦਲ ਗਈ। ਦੋ ਤਿੰਨ ਵਾਰੀ ਸਾਡੇ ਘਰ ਵੀ ਆਏ ਸਾਡੀ ਮਾਤਾ ਜੀ ਨੂੰ ਭੂਆ ਕਹਿੰਦੇ ਸਨ। ਜਦੋਂ ਮੈਂ ਇੰਜੀਨਿਅਰਿੰਗ ਕਾਲਜ ਦਾਖਲ ਹੋਇਆ ਤਾਂ ਉਹ ਕਈਆਂ ਨੂੰ ਦੱਸਦੇ ਕੇ ਸਾਡੇ ਸਕੂਲ ਦਾ ਇਕ ਮੁੰਡਾ ਚੰਡੀਗੜ੍ਹ ਇੰਜੀਨਿਅਰਿੰਗ ਕਾਲਜ ਪੜ੍ਹਦਾ ਹੈ। ਕੌਮ ਅਤੇ ਇਲਾਕੇ ਵਿਚ ਵੀ ਬੜੇ ਹਰਮਨ ਪਿਆਰੇ ਸਨ। ਉਹਨਾਂ ਨੇ ਚੋਣਾਂ ਵੀ ਲੜੀਆਂ। ਬੜੇ ਹੋਣਹਾਰ ਇਨਸਾਨ ਸਨ ਪਰ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ। ਸੜਕ ਹਾਦਸੇ ਵਿਚ ਉਹ ਪੂਰੇ ਹੋ ਗਏ। ਉਹਨਾਂ ਦੀ ਪਿਆਰੀ ਯਾਦ ਆਉਂਦੀ ਹੈ ਤੇ ਆਪ ਮੁਹਾਰੇ ਇਹ ਖਿਆਲ ਆਉਂਦਾ ਹੈ ਕਿ ਕਦੀ ਉਹ ਜਿੰਦਾ ਹੁੰਦੇ!

12ਵੀਂ ਵਿਚੋਂ ਚੰਗੇ ਨੰਬਰ ਆ ਗਏ। ਸਾਡੇ ਇਕ ਨਜ਼ਦੀਕੀ ਰਿਸ਼ਤੇਦਾਰ ਦੀ ਸਲਾਹ ਤੇ ਭਾਪਾ ਜੀ ਨੇ ਮੈਨੂੰ 1960 ਵਿਚ ਇੰਜੀਨਿਅਰਿੰਗ ਕਾਲਜ ਚੰਡੀਗੜ੍ਹ ਦਾਖਲ ਕਰਾ ਦਿੱਤਾ। ਸੱਤ ਭੈਣ-ਭਰਾਵਾਂ ਨੂੰ ਪਾਲਣ ਦਾ ਖਰਚਾ ਪਹਿਲਾਂ ਹੀ ਸੀ ਤੇ ਉਪਰੋਂ ਮੇਰੀ ਪੜ੍ਹਾਈ ਇੰਜੀਨਿਅਰਿੰਗ ਕਾਲਜ ਦਾ ਖਰਚਾ ਆ ਗਿਆ। ਦੇਸ਼ ਦੀ ਵੰਡ ਹੋਣ ਬਾਦ ਜ਼ਮੀਨਾਂ, ਮਕਾਨ ਅਤੇ ਜਾਇਦਾਦ ਛੱਡ ਕੇ ਭਾਰਤ ਆਏ ਸੀ। ਮਾਂ-ਪਿਉ ਨੇ ਬੜੀ ਤੰਗੀ ਨਾਲ ਦਿਨ ਕੱਟੇ। ਵੱਡੇ ਭਰਾ ਫੌਜ ਵਿਚ ਨੌਕਰੀ ਕਰਦੇ ਸਨ। ਉਹਨਾਂ ਨੇ ਵੀ ਘਰ ਦੀ ਮਦਦ ਕੀਤੀ। ਪੜ੍ਹਾਈ ਲਈ ਪੰਜਾਬ ਸਰਕਾਰ ਕੋਲੋਂ ਕਰਜ਼ਾ ਬਿਨਾ ਵਿਆਜ ਦੇ ਮਿਲ ਗਿਆ। ਇਕ ਛੋਟੇ ਪਿੰਡ ਤੋਂ ਚੰਡੀਗੜ੍ਹ ਆਉਣਾ ਮੇਰੇ ਵਾਸਤੇ ਬੜੀ ਵੱਡੀ ਤਬਦੀਲੀ ਸੀ। ਅਮੀਰਾਂ ਦੇ ਸ਼ਹਿਰਾਂ ਵਿਚ ਰਹਿੰਦੇ ਲੜਕੇ ਜੋ ਲਾਇਕ ਵੀ ਸਨ ਅਤੇ ਬੇਪਰਵਾਹ, ਚੰਗੇ ਕਪੜੇ, ਸੂਟ, ਬੂਟ ਆਦਿ ਪਹਿਨਦਿਆਂ ਨਾਲ ਵਾਹ ਪਿਆ। ਉਸ ਵੇਲੇ ਪੰਜਾਬ ਦੀ ਵੰਡ ਨਹੀਂ ਸੀ ਹੋਈ। ਹਰਿਆਣਾ ਅਤੇ ਹਿਮਾਚਲ ਨਹੀਂ ਸਨ ਬਣੇ। ਸਾਰੇ ਇਲਾਕਿਆਂ ਤੋਂ ਆਏ ਲਾਇਕ ਲੜਕਿਆਂ ਨਾਲ ਵੀ ਵਾਹ ਪਿਆ। ਕੁਝ ਜੰਮੂ ਅਤੇ ਕਸ਼ਮੀਰ ਵਾਸਤੇ ਵੀ ਸੀਟਾਂ ਸਨ। ਮੈਂ ਛੋਟੇ ਜਿਹੇ ਪਿੰਡ ਤੋਂ ਆਧੁਨਿਕ ਸ਼ਹਿਰ ਚੰਡੀਗੜ੍ਹ ਵਿੱਚ; ਇਹਨਾਂ ਮੁੰਡਿਆਂ ਤੋਂ ਆਪਣੇ ਆਪ ਤੋਂ ਵੱਖਰਾ ਅਤੇ ਬੇਮੇਲ ਸਮਝਦਾ। ਉਥੇ ਇਕ ਮੇਰੇ ਵਰਗੇ ਹੀ ਪਿਛੋਕੜ ਵਾਲੇ ਲੜਕੇ ਨਾਲ ਦੋਸਤੀ ਹੋ ਗਈ। ਸਾਨੂੰ ਡਰ ਸੀ ਕਿ ਜੇ ਫੇਹਲ ਹੋ ਗਏ ਤਾਂ ਮੂੰਹ ਦਿਖਾਣ ਜੋਗੇ ਨਹੀ ਰਹਾਂਗੇ ਕਿਸੇ ਨੂੰ। ਖੈਰ ਪਹਿਲੇ ਸਾਲ ਚੰਗੇ ਨੰਬਰ ਆਏ ਸਾਡੇ, ਦੂਸਰੇ ਸਾਲ ਹੋਰ ਚੰਗੇ, ਤੀਸਰੇ ਸਾਲ ਕਾਫੀ ਚੰਗੇ ਅਤੇ 1964 ਆਖਰੀ ਸਾਲ ਤਾਂ ਜਮਾਤ ਵਿਚੋਂ ਉਪਰਲੇ 10% ਵਿਦਿਆਰਥੀਆਂ ਦੀ ਲਿਸਟ ਵਿੱਚ ਪਾਸ ਹੋਏ। ਜਦੋਂ ਡਿਗਰੀ ਮਿਲੀ ਤਾਂ ਸਾਡੀ ਦੋਨਾਂ ਦੀ ਖੁਸ਼ੀ ਦਾ ਟਿਕਾਣਾ ਨਹੀਂ ਸੀ। ਮੇਰੇ ਦੋਸਤ ਨੇ ਸਿਵਲ ਇੰਜੀਨਿਅਰਿੰਗ ਕੀਤੀ। ਉਸਨੇ ਚੰਡੀਗੜ੍ਹ ਹੀ ਰਿਹਾਇਸ਼ ਰੱਖੀ ਹੈ। ਚੀਫ ਇੰਜੀਨੀਅਰ ਸੜਕਾਂ ਅਤੇ ਪੁਲਾਂ ਦੇ ਮਹਿਕਮੇ ਤੋਂ ਰਿਟਾਇਰਡ ਹੋਣ ਦੇ ਬਾਦ ਜ਼ਮੀਨ ਖਰੀਦਣਾ, ਵੇਚਣਾ ਅਤੇ ਫਲੈਟ ਜਾਂ ਘਰ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਬੜੀ ਚੰਗੀ ਕੰਪਨੀ ਚਲਾ ਰਿਹਾ ਹੈ। ਸਿਆਣਾ ਹੈ; ਜਦੋਂ ਮੈਂ ਉਸਨੂੰ ਮਿਲਣ ਜਾਂਦਾ ਹਾਂ ਤਾਂ ਬਹੁਤ ਖੁਸ਼ ਹੁੰਦਾ ਹੈ। ਕਹਿੰਦਾ ਹੈ ਛੱਡ ਯਾਰ ਅਮਰੀਕਾ ਕੀ ਪਿਆ ਹੈ ਇਥੇ ਮੇਰੇ ਕੋਲ ਰਿਹਾ ਕਰ। ਪੁਰਾਣੀਆਂ ਯਾਦਾਂ ਦੁਹਰਾਂਦੇ ਹਾਂ। ਗੋਲਫ ਅਤੇ ਤਾਸ਼ ਦੀ ਖੇਡ ਬ੍ਰਿਜ ਬੜੀ ਅੱਛੀ ਖੇਡਦਾ ਹੈ। ਬੜਾ ਈਮਾਨਦਾਰ ਅਤੇ ਵਫ਼ਾਦਾਰ ਦੋਸਤ ਹੈ। ਰੱਬ ਉਸਨੂੰ ਹੋਰ ਭਾਗ ਲਾਵੇ। ਕਰਨਲਥ ਮਨਾ ਸੰਘਬ ੇਗੋਵਾਲਤ ੋਪ ੰਜਾਬਾ ਇੰਜੀਨਿਅਰਿੰਗਕ ਾਲਜ ਚੰਡੀਗੜ੍ਹ ਵਿਚ ਮੇਰੇ ਜਮਾਤੀ ਸਨ ਅਤੇ ਮਿੱਤਰ ਸਨ। ਖੇਡਾਂ ਅਤੇ ਸਪੋਰਟਸ ਦੇ ਬੇਹੱਦ ਸ਼ੌਕੀਨ ਰਹੇ। ਭਾਰ ਚੁਕਣਾ ਅਤੇ ਗੋਲਾ ਸੁੱਟਣਾ ਉਹਨਾਂ ਦਾ ਖਾਸ ਸ਼ੌਕ ਸਨ। ਪੜ੍ਹਾਈ ਵਲ ਧਿਆਨ ਘਟ ਦਿੰਦੇ ਬਲਕਿ ਖੇਡਾਂ ਵਲ ਜ਼ਿਆਦਾ। ਭਾਵੇਂ ਕਈ ਵਾਰ ਕਿਸੇ ਨਾਂ ਕਿਸੇ ਮਜ਼ਮੂਨ ਵਿਚ ਦੁਬਾਰਾ ਇਮਤਿਹਾਨ ਦੇਣਾ ਪੈਂਦਾ। ਕਾਲਜ ਦੇ ਅੱਵਲ ਖਿਡਾਰੀ ਹਰ ਸਾਲ ਆਉਂਦੇ ਰਹੇ। ਉਹ ਫੌਜ ਵਿਚ ਦੂਸਰੇ ਲੈਫਟੀਨੈਂਟ ਕਾਲਜ ਕੈਂਪਸ ਵਿਚੋਂ ਹੀ ਚੁਣੇ ਗਏ। ਸਾਰੇ ਭਾਰਤ ਵਿਚ ਕਈ ਜਗ੍ਹਾ ਤੇ ਤਾਇਨਾਤ ਰਹੇ।

1963 ਦੀ ਗਲ ਹੈ ਉਦੋਂ ਬਸ ਵਿੱਚ ਸਫਰ ਕਰਦੇ ਨੀਂਦ ਆ ਜਾਂਦੀ ਸੀ ਅਕਸਰ; ਅੰਮ੍ਰਿਤਸਰ ਨੂੰ ਸਫਰ ਕਰਦੇ ਬਸ ਡੇਰਾ ਬਿਆਸ ਰੁਕੀ। ਅੱਖ ਖੁੱਲ੍ਹੀ ਤਾਂ ਬਿਆਸ ਡੇਰੇ ਦਾ ਦ੍ਰਿਸ਼ ਬਹੁਤ ਮਨਮੋਹਣਾ ਲੱਗਾ ਜਿਸ ਦੀ ਯਾਦ ਅਜੇ ਤਕ ਉਸੇ ਤਰ੍ਹਾਂ ਤਾਜ਼ਾ ਹੈ।

ਨੌਕਰੀ ਵੀ ਝੱਟ ਮਿਲ ਗਈ। ਨੌਕਰੀ ਭਾਖੜਾ ਨੰਗਲ ਤੋਂ ਸ਼ੁਰੂ ਹੋਈ ਜਿਥੇ ਕੇ ਰੂਸੀ ਮਦਦ ਨਾਲ ਪਾਵਰ ਘਰ ਬਣ ਰਿਹਾ ਸੀ। ਭਾਰਤ ਨਾਲ ਰੂਸ ਦੇ ਬੜੇ ਚੰਗੇ ਸਬੰਧ ਸਨ। ਰੂਸੀ ਮਾਹਿਰ ਆਏ। ਉਹਨਾਂ ਦੇ ਗਰੁਪ ਵਿਚ ਇਕ ਤਰਜਮਾਨ ਔਰਤ ਰੂਸੀ ਭਾਸ਼ਾ ਤੋਂ ਅੰਗਰੇਜ਼ੀ ਕਰਦੀ ਅਤੇ, ਇਕ ਕਲਾਕਾਰ ਜੋ ਪੈਨਸਿਲ ਨਾਲ ਫ਼ੋਟੋ ਤਿਆਰ ਕਰ ਦਿੰਦਾ ਸੀ ਕੁਝ ਮਿੰਟਾਂ ਵਿਚ ਅਤੇ ਪੰਜਾਬੀ ਵੀ ਬੋਲ ਲੈਂਦਾ ਸੀ, ਵੀ ਆਏ। ਸਾਰੇ ਰੂਸੀ ਮਾਹਿਰ ਖੁਸ਼ ਸਨ ਕਿਉਂਕਿ ਮੌਸਮ ਚੰਗਾ ਅਤੇ ਜ਼ਿਆਦਾ ਤਨਖਾਹ, ਲੋਕਤੰਤਰ ਮਾਹੌਲਹੋਰ ਕਈ ਸਾਡੇ ਦੇਸ਼ ਵਲੋਂ ਸਹੂਲਤਾਂ ਜੋ ਉਹਨਾਂ ਨੂੰ ਆਪਣੇ ਦੇਸ਼ ਵਿਚ ਨਹੀਂ ਸਨ ਉਹਨਾਂ ਨੂੰ ਦਿੱਤੀਆਂ ਗਈਆਂ। ਇਸ ਕਰਕੇ ਉਹ ਨੰਗਲ ਰਹਿ ਕੇ ਬੜੇ ਖੁਸ਼ ਸਨ। ਰੂਸੀ ਇੰਜੀਨੀਅਰ ਬੜੇ ਤਕੜੇ ਅਤੇ ਚੰਗੇ ਦੋਸਤਾਨਾ ਰਵਈਏ ਵਾਲੇ ਸਨ।

ਮਾਂ-ਬਾਪ ਨੇ ਜਦੋਂ ਮੈਂ 24 ਸਾਲਾਂ ਦਾ ਹੋਇਆ ਤਾਂ ਮੇਰੀ ਸ਼ਾਦੀ ਕਰ ਦਿੱਤੀ। ਪਤਨੀ ਸਿਆਣੀ ਅਤੇ ਸੂਝ ਬੂਝ ਵਾਲੀ ਨਿਕਲੀ। ਸਾਡੇ ਪਰਵਾਰ ਵਿੱਚ ਉਸਨੇ ਬੜੀ ਚੰਗੀ ਸ਼ੋਹਰਤ ਪਾ ਲਈ। ਸਾਰਿਆਂ ਰਿਸ਼ਤੇਦਾਰਾਂ ਨਾਲ, ਆਂਢ ਗੁਆਂਢ ਨਾਲ, ਮਿੱਤਰ ਪਰਿਵਾਰਾਂ ਨਾਲ ਚੰਗੇ ਦੋਸਤਾਨਾ ਸਬੰਧ ਬਣਾ ਲੈਂਦੀ। ਸਾਡੇ ਪਰਿਵਾਰ ਵਾਲੇ ਮੇਰੇ ਨਾਲੋਂ ਮੇਰੀ ਪਤਨੀ ਨੂੰ ਜ਼ਿਆਦਾ ਚਾਹੁੰਦੇ ਸਨ। ਮੈਂ ਖੁਸ਼ ਸੀ ਕੇ ਮੇਰੇ ਭੈਣ ਭਰਾ ਅਤੇ ਮਾਂ ਪਿਉ ਮੇਰੀ ਪਤਨੀ ਨਾਲ ਮੇਰੇ ਤੋਂ ਵੀ ਜ਼ਿਆਦਾ ਖੁਸ਼ ਹਨ। ਉਹਨੂੰ ਫ਼ਜ਼ੂਲ ਖਰਚਾ ਕਰਨ ਦੀ ਆਦਤ ਨਹੀ ਸੀ, ਅਸੂਲ ਸਨ ਉਸਦੇ, ਝੂਠ ਤੋਂ ਬਹੁਤ ਪਰਹੇਜ਼,ਵਾਦੇ ਦੀ ਪਕੀ ਅਤੇ ਬੱਚਿਆਂ ਦਾ ਬੜਾ ਖਿਆਲ ਰੱਖਦੀ। ਮਾਂ-ਪਿਉ ਨੂੰ ਅਸੀਂ ਜਿਥੇ ਵੀ ਨੌਕਰੀ ਵਿਚ ਹੁੰਦੇ ਉਹਨਾਂ ਨੂੰ ਆਪਣੇ ਕੋਲ ਲੈ ਆਉਂਦੇ। ਇਕ ਦੋ ਮਹੀਨੇ ਬੜੀ ਮੁਸ਼ਕਲ ਰਹਿੰਦੇ ਫਿਰ ਕਹਿੰਦੇ ਸਾਨੂੰ ਪਿੰਡ ਛਡ ਆ। ਭਾਬੀ ਜੀ ਦਾ ਸਾਡੇ ਕੋਲ ਦਿਲ ਲੱਗ ਜਾਂਦਾ ਅਤੇ ਉਹ ਜ਼ਿਆਦਾ ਦਿਨ ਸਾਡੇ ਕੋਲ ਰਹਿ ਜਾਂਦੇ। ਮੇਰੀ

ਮਾਂ ਨੇ ਮੇਰੀ ਪਤਨੀ ਨੂੰ ਇਕ ਵਾਰੀ ਕਿਹਾ ਕਿ ਮੇਰਾ ਪੁੱਤਰ ਪੜ੍ਹ ਤੇ ਗਿਆ ਹੈ ਪਰ ਇਸ ਨੂੰ ਦੁਨੀਆਂਵੀ ਅਕਲ ਘੱਟ ਹੈ। ਮੈਂ ਦਿਲ ਵਿਚ ਕਹਿੰਦਾ ਮਾਂ ਤੇ ਮੇਰੀ ਹੈ ਅਤੇ ਮਾਂ ਤੋਂ ਜ਼ਿਆਦਾ ਸ਼ੁਭ ਚਿੰਤਕ ਕੌਣ ਹੋ ਸਕਦਾ ਹੈ। ਉਹਨਾਂ ਦੋਨਾਂ ਦੀ ਆਪਸ ਵਿਚ ਬਹੁਤ ਬਣਦੀ। ਸਾਨੂੰ ਰੱਬ ਨੇ ਦੋ ਲੜਕਿਆਂ ਦੀ ਦਾਤ ਬਖਸ਼ੀ। ਦੋਵੇਂ ਹੀ ਇੰਜੀਨੀਅਰ ਬਨੇ ਤੇ ਵੱਡੇ ਹੋ ਕੇ ਅਮਰੀਕਾ ਆ ਵਸੇ। 1996 ਵਿੱਚ ਸਾਡੀ ਪਹਿਲੀ ਪੋਤਰੀ ਦਾ ਜਨਮ ਅਮਰੀਕਾ ਹੋਇਆ। ਉਸ ਦਾ ਜਸਲੀਨਾ ਨਾਂ ਰੱਖਿਆ। ਜਦੋਂ ਉਹ ਤਿੰਨ ਮਹੀਨੇ ਦੀ ਹੋਈ ਤਾਂ ਉਹਦੇ ਮਾਂ-ਪਿਉ (ਸਾਡਾ ਵੱਡਾ ਲੜਕਾ ਅਤੇ ਨੂੰਹ) ਉਸ ਨੂੰ ਸਾਨੂੰ ਮਿਲਾਉਣ ਲਈ ਭਾਰਤ ਆਏ। ਸਰਦੀਆਂ ਦੇ ਦਿਨ ਸਨ। ਪਹਿਲੀ ਵਾਰੀ ਅਸੀਂ ਦਾਦਾ-ਦਾਦੀ ਬਣੇ। ਸਾਨੂੰ ਬੜੀ ਖੁਸ਼ੀ ਹੋਈ। ਧੁੱਪੇ ਸਾਰੇ ਜਣੇ ਬੈਠਦੇ ਅਤੇ ਜੀਨਾਂ ਨਾਲ ਖੇਡਦੇ। ਇਕ ਮਹੀਨਾ ਰਹਿ ਸਾਡੇ ਕੋਲ। ਉਹ ਮੇਰੀ ਪਤਨੀ ਨੂੰ ਅਮਰੀਕਾ ਆਪਣੇ ਨਾਲ ਲੈ ਗਏ ਕਿਉਂਕਿ ਅਮਰੀਕਾ ਵਿੱਚ ਬਚੇ ਦਾ ਪਾਲਣਾ ਖਾਸ ਕਰਕੇ ਜਦੋਂ ਦੋਵੇਂ ਮਾਂ-ਪਿਉ ਕੰਮ ਕਰਦੇ ਹੋਣ ਬੜਾ ਔਖਾ ਹੈ।

ਜਦੋਂ ਮੇਰੀ ਪਤਨੀ ਵਾਪਸ ਭਾਰਤ ਆਉਣ ਲੱਗੇ ਤਾਂ ਇਕ ਰਿਸ਼ਤੇਦਾਰ ਨੇ ਸਾਡੇ ਪੁੱਤਰ ਨੂੰ ਸਲਾਹ ਦਿੱਤੀ ਕਿ ਜੀਨਾਂ ਨੂੰ ਭਾਰਤ ਸਾਡੇ ਕੋਲ ਭੇਜ ਦੇਵੇ। ਜੀਨਾਂ ਅੱਠ ਮਹੀਨੇ ਦੀ ਹੋਈ ਤਾਂ ਮੇਰੀ ਪਤਨੀ ਉਸ ਨੂੰ ਆਪਣੇ ਨਾਲ ਵਾਪਸ ਭਾਰਤ ਲੈ ਆਈ। ਛੋਟੇ ਬੱਚੇ ਨਾਲ ਸਾਡਾ ਵਕਤ ਬੜਾ ਚੰਗਾ ਲੰਘਦਾ। ਜੀਨਾਂ ਸਾਨੂੰ ਮੰਮੀ ਪਾਪਾ ਕਹਿੰਦੀ ਉਹਨੂੰ ਪਤਾ ਨਹੀਂ ਸੀ ਕਿ ਅਸੀਂ ਉਹਦੇ ਮਾਂ-ਪਿਉ ਨਹੀਂ ਹਾਂ ਬਲਕਿ ਦਾਦਾ ਦਾਦੀ ਹਾਂ। ਜਦੋਂ ਮੈਂ ਦਫਤਰ ਤੋਂ ਘਰ ਆਉਂਦਾ, ਉਸਦੀ ਪਿਆਰੀ ਮਿੱਠੀ ਮੁਸਕਰਾਹਟ ਨਾਲ ਮੇਰੀ ਸਾਰੀ ਥਕਾਵਟ ਦੂਰ ਹੋ ਜਾਂਦੀ। ਆਪਣੇ ਬੱਚਿਆਂ ਨਾਲ ਅਸੀਂ ਆਮ ਤੌਰ ਤੇ ਇੰਨਾਂ ਨਰਮ ਨਹੀਂ ਰਹਿੰਦੇ ਹਾਂ ਪਰ ਪੋਤਰੇ-ਪੋਤਰੀਆਂ ਨਾਲ ਬੜੇ ਨਰਮੀ ਨਾਲ ਪੇਸ਼ ਆਉਂਦੇ ਹਾਂ। ਜੀਨਾਂ ਨੇ ਸਾਨੂੰ ਬੜਾ ਪਿਆਰ ਦਿੱਤਾ ਅਤੇ ਅਸੀਂ ਉਸਨੂੰ। ਸਾਡੇ ਕੋਈ ਲੜਕੀ ਨਹੀਂ ਸੀ ਸੋ ਮੇਰੀ ਪਤਨੀ ਨੇ ਬੜੀਆਂ ਰੀਝਾਂ ਨਾਲ ਉਸਨੂੰ ਪਾਲਿਆ। ਜੀਨਾਂ ਦੇ ਮਾਂ-ਪਿਉ ਦੋਨਾਂ ਵਿਚੋਂ ਕੋਈ ਇਕ; ਸਾਲ ਵਿਚ ਸਾਡੇ ਕੋਲ ਭਾਰਤ ਜ਼ਰੂਰ ਆਉਂਦੇ। ਸਾਨੂੰ ਬੜਾ ਚੰਗਾ ਲੱਗਦਾ ਭਾਵੇਂ ਇਕ ਮਹੀਨਾ ਹੀ ਭਾਰਤ ਠਹਿਰਦੇ। ਜੀਨਾਂ ਦੇ ਸਾਡੇ ਕੋਲ ਰਹਿੰਦਿਆਂ ਮੈਂ ਨਿਗਰਾਨ ਇੰਜੀਨੀਅਰ ਤੋਂ ਮੁੱਖ ਇੰਜੀਨੀਅਰ ਤੇ ਫਿਰ ਬੋਰਡ ਦਾ ਮੈਂਬਰ ਬਣ ਗਿਆ। ਹੁਣ ਜੀਨਾਂ 5 ਸਾਲ ਦੀ ਹੋ ਗਈ। ਉਹਦੇ ਮਾਂ-ਪਿਉ ਨੇ ਕਿਹਾ ਕਿ ਜੀਨਾਂ ਹੁਣ ਉਹਨਾਂ ਕੋਲ ਅਮਰੀਕਾ ਰਹੇਗੀ। ਉਸਨੂੰ ਮੇਰੀ ਪਤਨੀ ਉਹਨਾਂ ਕੋਲ ਅਮਰੀਕਾ ਲੈ ਗਈ। ਕੁਝ ਮਹੀਨੇ ਉਥੇ ਰਹਿ ਕੇ ਜੀਨਾਂ ਉਹਨਾਂ ਦੀ ਅਮਾਨਤ ਵਾਪਿਸ ਕਰ ਆਈ। ਜੀਨਾਂ ਦੀਆਂ ਸਾਡੇ ਨਾਲ ਰਹਿੰਦਿਆਂ ਦੀਆਂ ਅਣਗਿਣਤ ਅਭੁੱਲ ਯਾਦਾਂ ਹਨ। ਜਿਥੇ ਵੀ ਨੌਕਰੀ ਦੌਰਾਨ ਮੇਰਾ ਟੂਰ ਹੁੰਦਾ ਅਸੀਂ ਜੀਨਾਂ ਨੂੰ ਨਾਲ ਲੈ ਜਾਂਦੇ। ਸਾਰਾ ਹਿਮਾਚਲ ਤੇ ਭਾਰਤ ਵਰਸ਼ ਦੇ ਬਹੁਤ ਸ਼ਹਿਰ ਅਸੀਂ ਗਏ ਹੋਵਾਂਗੇ। ਉਥੋਂ ਦੇ ਰੈਸਟ ਘਰਾਂ ਦੇ ਨੌਕਰ ਚਾਕਰ ਉਸਨੂੰ ਬੜਾ ਪਿਆਰ ਕਰਦੇ। ਰੂਪ ਲਾਲ ਸਾਡੇ ਘਰ ਖਾਣਾ ਬਣਾਉਂਦਾ ਹੁੰਦਾ ਸੀ; ਜੀਨਾਂ ਉਸ ਨਾਲ ਬੈਠ ਕੇ ਅਕਸਰ ਖਾਣਾ ਖਾਂਦੀ। ਅਸੀਂ ਕਹਿੰਦੇ ਸਾਡੇ ਨਾਲ ਖਾਇਆ ਕਰ ਪਰ ਉਹ ਕਹਿੰਦੀ; ਰੂਪ ਲਾਲ ਮੇਰਾ ਪੁੱਤਰ ਹੈ। ਮੈਂ ਉਸ ਨਾਲ ਖਾਣਾ ਖਾਵਾਂਗੀ। ਸਾਰੇ ਰਿਸ਼ਤੇਦਾਰਾਂ ਨੂੰ ਮਿਲਣ ਜਾਇਆ ਕਰਦੇ। ਸਾਰੇ ਉਸਨੂੰ ਬਹੁਤ ਪਿਆਰ ਕਰਦੇ। ਜਦੋਂ ਕਿਸੇ ਦੀ ਸ਼ਾਦੀ ਵਿੱਚ ਅਸੀਂ ਸ਼ਾਮਿਲ ਹੁੰਦੇ ਜੀਨਾਂ ਨੂੰ ਬਹੁਤ ਚੰਗਾ ਲੱਗਦਾ। ਸੰਗੀਤ, ਲੋਕਾਂ ਨੂੰ ਦੇਖਣਾ, ਬਹਿਰਿਆਂ ਨੂੰ ਕਹਿੰਦੀ ਮੇਰੇ ਵਾਸਤੇ ਫਲਾਣੀ ਉਹ ਚੀਜ਼ ਲੈ ਕਿ ਆਉ। ਉਸ ਦੀ ਖੁਸ਼ੀ ਕਰਕੇ ਇਕ ਸਰਦੀਆਂ ਵਿੱਚ ਅਸੀਂ ਸਤਾਰਾਂ ਸ਼ਾਦੀਆਂ ਵਿੱਚ ਸ਼ਾਮਿਲ ਹੋਏ। ਰੇਲ ਗੱਡੀ ਵਿੱਚ ਸਫਰ ਕਰਨਾ ਉਸਨੂੰ ਬੜਾ ਚੰਗਾ ਲੱਗਦਾ। ਕਈ ਵਾਰੀ ਰੇਲ ਗੱਡੀ ਵਿੱਚ ਜੀਨਾਂ ਨਾਲ ਸਫਰ ਕੀਤਾ ਕਾਰ ਹੋਣ ਦੇ ਬਾਵਜੂਦ। ਮੈਂ ਹੁਣ ਜਦੋਂ ਜੀਨਾਂ ਨੂੰ ਉਹਦੀਆਂ ਗਲਾਂ ਦੱਸਦਾ ਹਾਂ ਤਾਂ ਉਹ ਹੈਰਾਨ ਹੋ ਕੇ ਕਹਿੰਦੀ ਹੈ ਅੱਛਾ ਮੈਂਇਸ ਤਰ੍ਹਾਂ ਕਰਦੀ ਹੁੰਦੀ ਸੀ! ਮੇਰੀ ਪਤਨੀ ਲਟ-ਲਟ ਕਰਦੀ ਮਸ਼ਾਲ ਵਾਂਗੂੰ ਜੀਉਂਦੀ ਰਹੀ। ਮੈਂ ਉਸਨੂੰ ਕਦੀ ਨਿਰਾਸ਼ ਨਾਂ ਦੇਖਿਆ ਸਗੋਂ ਮੈਨੂੰ ਹੌਸਲਾ ਹੀ ਦਿੱਤਾ ਉਸਨੇ। ਨੌਕਰਾਂ ਨੂੰ ਕਦੀ ਮੰਦਾ ਨਾਂ ਬੋਲਦੀ, ਉਹਨਾਂ ਦੇ ਕੰਮ ਦੀ ਸ਼ਲਾਘਾ ਕਰਦੀ ਅਤੇ ਉਹਨਾਂ ਦੇ ਬੱਚਿਆਂ ਦੀ ਸੁਖ-ਸਾਂਝ ਜ਼ਰੂਰ ਪੁੱਛਦੀ, ਜਿਸ ਨੇ ਵੀ ਸਾਡੇ ਘਰ ਦਾ ਕੰਮ ਕੀਤਾ। ਉਹ ਬੀਬੀ ਜੀ ਕਰ ਕੇ ਬੁਲਾਂਦੇ। ਨੌਕਰੀ ਵੀ ਖਤਮ ਹੋ ਗਈ। ਨੌਕਰੀ ਤੋਂ ਬਾਦ ਇਕ ਨੇਕ ਔਰਤ ਘਰ ਦਾ ਕੰਮ ਕਰਨ ਲਈ ਸਾਨੂੰ ਮਿਲ ਗਈ। ਘਰ ਨੂੰ ਸਾਫ ਰੱਖਦੀ ਅਤੇ ਖਾਣਾ ਵੀ ਬਣਾਉਂਦੀ। ਮੇਰੀ ਪਤਨੀ ਦੇ ਹੁੰਦਿਆਂ ਸਾਡੇ ਘਰ ਪ੍ਰਾਹੁਣੇ ਬਹੁਤ ਆਉਂਦੇ। ਉਸ ਨੌਕਰਾਨੀ ਕਰਕੇ ਮੇਰੀ ਪਤਨੀ ਨੂੰ ਕੋਈ ਫਿਕਰ ਨਹੀਂ ਸੀ ਹੁੰਦਾ। ਉਸਦੇ ਕੰਮ ਤੇ ਮੇਰੀ ਪਤਨੀ ਬੜੀ ਖੁਸ਼ ਸੀ। ਨੌਕਰੀ ਖਤਮ ਹੋਣ ਦੇ ਬਾਦ ਅਸੀਂ ਕਈ ਵਾਰੀ ਅਮਰੀਕਾ ਬੱਚਿਆਂ ਨੂੰ ਮਿਲਣ ਆਉਂਦੇ। ਪਤਨੀ ਦਾ ਦਿਲ ਲੱਗ ਜਾਂਦਾ ਪਰ ਮੇਰਾ ਘਟ ਲੱਗਦਾ। ਇਸ ਤਰ੍ਹਾਂ ਆਉਣਾ ਜਾਣਾ ਲੱਗਾ ਰਿਹਾ। ਮੇਰੀ ਪਤਨੀ ਨੂੰ ਸ਼ੱਕਰ ਦੀ, ਦਿਲ ਦੀ ਤੇ ਫਿਰ ਦਿਲ ਦੀ ਮਦਦ ਕਰਨ ਲਈ ਪੇਸਰ ਲਾਉਣਾ ਪਿਆ। ਸਿਹਤ ਦਿਨੋਂ ਦਿਨ ਵਿਗੜਦੀ ਗਈ। ਪੰਜਾਬ ਦੇ ਚੰਗੇ ਹਸਪਤਾਲ ਵਿੱਚ ਇਲਾਜ ਕਰਾਉਂਦੇ ਰਹੇ। ਪਰ ਆਖਰਕਾਰ 2009 ਅਗਸਤ ਵਿੱਚ ਉਹ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹੇ ਗਈ।

ਸਾਡੇ ਦੋਵੇਂ ਲੜਕੇ ਅਮਰੀਕਾ ਦੀਆਂ ਕੰਪਨੀਆਂ ਵਿਚ ਇੰਜੀਨੀਅਰ ਤੌਰ ਤੇ ਨੌਕਰੀ ਕਰਦੇ ਹਨ। ਅਪਨਾ ਗੁਜ਼ਾਰਾ ਠੀਕ ਚਲਾ ਰਹੇ ਹਨ। ਵਪਾਰ ਬਾਰੇ ਜਾਣਕਾਰੀ ਨਹੀਂ ਹੈ। ਜਦੋਂ ਉਹਨਾਂ ਦੀ ਮਾਂ ਪੂਰੀ ਹੋ ਗਈ ਤਾਂ ਮੈਨੂੰ ਵੀ ਅਮਰੀਕਾ ਨਾਲ ਲੈ ਗਏ। ਇਕ ਸਾਲ ਉਥੇ ਰਿਹਾ। ਹੁਣ ਮੈਂ ਗਰਮੀਆਂ ਵਿਚ ਇਹਨਾਂ ਕੋਲ ਆ ਜਾਂਦਾ ਹਾਂ ਤੇ ਸਰਦੀਆਂ ਵਿਚ ਵਾਪਸ ਭਾਰਤ ਕਿਉਂਕਿ ਸ਼ਿਕਾਗੋ ਦੀ ਸਰਦੀ ਬਹੁਤ ਲੰਬੀ ਅਤੇ ਸਖ਼ਤ ਹੈ। ਦੋਵੇਂ ਲੜਕੇ ਮੇਰਾ ਬਹੁਤ ਖਿਆਲ ਰੱਖਦੇ ਹਨ। ਮੈਨੂੰ ਕਹਿੰਦੇ ਹਨ ਕਿ ਸਦਾ ਖੁਸ਼ ਰਹੋ ਕੋਈ ਚਿੰਤਾ ਨਾ ਕਰਿਆ ਕਰੋ। ਉਹਨਾਂ ਦੀਆਂ ਪਤਨੀਆਂ, ਪੋਤਰੇ ਅਤੇ ਪੋਤਰੀਆਂ ਸਾਰੇ ਬਹੁਤ ਚੰਗੇ ਹਨ।

ਇਕ ਦੋਸਤ ਸ਼ਰਮਾ ਜੀ ਨਾਲ 1966 ਵਿਚ ਭਾਖੜਾ ਨੰਗਲ ਨੌਕਰੀ ਦੇ ਦੌਰਾਨ ਦੋਸਤੀ ਹੋ ਗਈ। ਬੜਾ ਹੱਸਮੁਖ ਹੈ। ਅਜੇ ਤਕ ਦੋਸਤੀ ਚਲ ਰਹੀ ਹੈ। ਉਸਨੇ ਵੀ ਜਾਲੰਧਰ ਵਿਚ ਹੀ ਰਿਹਾਇਸ਼ ਰੱਖੀ ਹੈ। ਮੇਰੇ ਪਹਿਲੇ Boss ਕਾਲਰਾ ਸਾਹਿਬ ਦੀ ਵੀ ਜਲੰਧਰ ਹੀ ਰਿਹਾਇਸ਼ ਹੈ। ਮੇਰੇ ਨਾਲ ਵਤੀਰਾ ਚੰਗਾ ਕਰਦੇ ਅਤੇ ਸ਼ਰੀਫ਼ ਸਮਝਦੇ। ਉਹਨਾਂ ਨੇ ਮੈਨੂੰ ਤਿੰਨ ਰਿਪੋਰਟਾਂ ਬੜੀਆਂ ਚੰਗੀਆਂ ਦਿੱਤੀਆਂ। ਦੂਸਰਿਆਂ ਮਹਿਕਮੇ ਦੇ ਹੋਰ ਸੇਵਾ ਮੁਕਤ ਮੁੱਖ-ਇੰਜੀਨੀਅਰ ਵੀ ਜਲੰਧਰ ਹਨ। ਕਲੱਬ ਵਿਚ ਤਾਸ਼ ਦੀ ਖੇਡ ਬ੍ਰਿਜ ਅਸੀਂ ਰੋਜ ਖੇਡਦੇ ਹਾਂ। ਵਕਤ ਚੰਗਾ ਨਿਕਲ ਜਾਂਦਾ ਹੈ ਇਹਨਾਂ ਸਾਰਿਆਂ ਦੇ ਨਾਲ।

ਇਕ ਦੋਸਤ ਪਦਮਜੀਤ ਦੇ ਨਾਲ ਸਬੰਧ ਭਾਖੜਾ ਨੰਗਲ ਤੋਂ ਚਲ ਰਿਹਾ ਹੈ। ਉਸ ਜਿੰਨਾ ਮੈਂ ਅਜੇ ਤਕ ਕੋਈ ਇਨਸਾਨ ਸਾਦਾ ਨਹੀਂ ਦੇਖਿਆ। ਉਸ ਦੀਆਂ ਪੱਗਾਂ ਦਾ ਇਕੋ ਰੰਗ ਹਲਕਾ ਭੂਰਾ, ਹਲਕੇ ਨੀਲੇ ਰੰਗ ਦੀ ਜੀਨ ਦੀ ਪੈਂਟ, ਕੱਪੜੇ ਬਿਨਾਂ ਪ੍ਰੈਸ ਤੋਂ ਹੁੰਦੇ ਹਨ। ਦਾਹੜੀ ਨੂੰ ਕੂੰਜ ਕੇ ਬੰਨ ਲੈਂਦਾ ਕੋਈ ਫ਼ਿਕਸੋ ਨਹੀਂ। ਲਾਇਕ ਵੀ ਬਥੇਰਾ, ਹਰ ਇਕ ਦਾ ਮਦਦਗਾਰ, ਸ਼ਾਦੀ

ਨਹੀਂ ਕਰਾਈ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਕਿਣਕਾ ਨਹੀਂ ਉਹਦੇ ਵਿਚ ਸਮਝੋ ਸੰਤ ਹੈ। ਉਸਨੇ ਪੰਜਾਹ ਵਾਰੀ ਤੋਂ ਵੀ ਜ਼ਿਆਦਾ ਖੂਨ ਦਾਨ ਕੀਤਾ ਹੈ। ਕਦੀ ਕਿਸੇ ਨਾਲ ਆਪਣੇ ਚੰਗੇ ਕੀਤੇ ਕੰਮ ਦੀ ਭਿਣਕ ਨਹੀਂ ਪੈਣ ਦਿੰਦਾ। ਮਸੂਰੀ ਸਕੂਲ ਦਾ ਪੜ੍ਹਿਆ ਹੈ। ਪੰਜਾਬੀ ਵੀ ਬੜੀ ਸੋਹਣੀ ਬੋਲ ਲੈਂਦਾ ਹੈ¢ਉਹ ਲੋਕ ਭਲਾਈ ਦੇ ਕੰਮਾਂ, ਛੋਟਿਆਂ ਦੀ ਮਦਦ ਕਰਨਾ, ਹਮੇਸ਼ਾ ਆਪਣੇ ਆਪ ਨੂੰ ਕਿਸੇ ਨਾਂ ਕਿਸੇ ਕੰਮ ਵਿਚ ਮਸਰੂਫ ਰੱਖਣਾ ਉਹਦਾ ਸੁਭਾਅ ਬਣ ਗਿਆ ਹੈ। ਉਸ ਬਾਰੇ ਕਦੀ ਕੋਈ ਭੈੜੀ ਗਲ ਨਹੀਂ ਸੁਣੀ। ਸਭ ਸਿਫਤ ਹੀ ਕਰਦੇ ਹਨ। ਉਸ ਕੋਲੁ ਹੁਦਾਰ ਜਿਸ ਨੇ ਵੀ ਪੈਸੇ ਲਏ ਪਦਮਜੀਤ ਨੇ ਫਿਰ ਆਪ ਨਹੀਂ ਵਾਪਸ ਮੰਗੇ। ਜੇ ਕੋਈ ਆਪ ਵਾਪਸ ਕਰ ਦੇਵੇ ਤਾਂ ਕਰ ਦੇਵੇ¢ਇਕ ਵਾਰੀ ਉਹਦੀ ਮਾਂ ਨੰਗਲ ਮਿਲਣ ਆਏ ਕਹਿੰਦੇ ਇਹਦਾ ਕਰਨਲ ਡਾਕਟਰ ਪਿਉ ਵੀ ਇਸੇ ਤਰ੍ਹਾਂ ਦਾ ਸੀ। ਪਦਮਜੀਤ ਨੇ ਇਕ ਅੰਡਾ ਉਬਾਲ ਕਿ ਮਾਂ ਨੂੰ ਦਿੱਤਾ ਤੇ ਦੋ ਡਬਲ ਰੋਟੀ ਦੇ ਪੀਸ; ਮਾਂ ਨੇ ਕਿਹਾ ਪਦਮ ਬਸ¢ਹਾਂ ਮਾਂ ਜ਼ਿਆਦਾ ਨਹੀਂ ਖਾਈਦਾ। ਉਹ ਆਪ ਵੈਸ਼ਨੂੰ ਹੈ¢ਜਦੋਂ ਉਹਨੂੰ ਨੌਕਰੀ ਦੌਰਾਨ ਜੀਪ ਜਾਂ ਕਾਰ ਵਰਤਨ ਨੂੰ ਮਿਲੀ ਉਸ ਨੇ ਨਾਂ ਵਰਤੀ। ਸਾਈਕਲ ਤੇ ਹੀ ਦਫਤਰ ਆਉਂਦਾ ਜਾਂਦਾ। ਮਾਂ ਕਹਿੰਦੀ ਹੈ, ਇਹਨੂੰ ਲੋਕ ਇਥੇ ਭਾਪਾ ਕਹਿੰਦੇ ਹਨ ਹੈ ਮਗਰ ਅਸੀਂ ਹਾਂ ਗਿਲ ਜਟ। ਘਰ ਦੋ ਕਾਰਾਂ ਹਨ ਪਰ ਜਦੋਂ ਦਿੱਲੀ ਘਰ ਆਉਂਦਾ ਹੈ ਉਥੇ ਵੀ ਕਿਧਰੇ ਆਉਣ ਜਾਣ ਲਈ ਸਾਈਕਲ ਤੇ ਹੀ ਵਰਤਦਾ ਹੈ। ਕਹਿੰਦੇ ਹਨ ਕਿ ਜਦੋਂ ਪਤਾ ਲਗੇ ਪਦਮਜੀਤ ਦਿੱਲੀ ਆ ਰਿਹਾ ਹੈ ਤਾਂ ਸਾਈਕਲ ਠੀਕ ਕਰਾ ਕੇ ਰੱਖ ਦਿੰਦੇ ਹਾਂ। ਸ਼ਾਦੀ ਕਰਾਉਣ ਬਾਰੇ ਵੀ ਹੁਣ ਕਹਿ ਨਾਂ ਬੰਦ ਕਰ ਦਿੱਤਾ ਹੈ, ਕੀ ਕਰੀਏ ਹੈ ਹੀ ਐਸਾ! ਜਗਾ ਦੀ ਘਾਟ ਕਰਕੇ ਬਹੁਤਾ ਨਹੀਂ ਉਹਦੇ ਬਾਰੇ ਲਿਖਦਾ ਨਹੀਂ ਤੇ ਇਕ ਕਿਤਾਬ ਵੀ ਘੱਟ ਹੈ ਉਹਦੇ ਗੁਣ ਬਿਆਨ ਕਰਨ ਲਈ। ਪੰਜਾਬ ਇੰਜੀਨੀਅਰ ਸੰਸਥਾ ਦਾ ਪ੍ਰਧਾਨ, ਫਿਰ ਪ੍ਰਧਾਨ ਕੌਮੀ ਪੱਧਰ ਤੇ ਅਤੇ ਮੌਜੂਦਾ ਸਮੇਂ ਉਹ ਸਾਰੇ ਭਾਰਤ ਵਰਸ਼ ਇੰਜੀਨਿਅਰਿੰਗ ਸੰਸਥਾ ਦਾ Patron ਯਾਨੀ ਕਿ ਮਾਰਗ ਦਰਸ਼ਕ ਹੈ। 1975 ਵਿੱਚ ਮੇਰੀ ਤਰੱਕੀ ਕਾਰਜਕਾਰੀ ਇੰਜੀਨੀਅਰ ਦੀ ਹੋ ਗਈ ਅਤੇ ਮੇਰੀ ਬਦਲੀ ਮਲਿਕਪੁਰ, ਪਠਾਨਕੋਟ ਦੀ ਹੋ ਗਈ। ਭਾਖੜਾ ਛਡ ਕੇ ਮਲਿਕਪੁਰ ਦਿਲ ਨਾਂ ਲੱਗਾ। ਦੀਵਾਲੀ ਮਨਾਉਣ ਲਈ ਪਿੰਡ ਆਇਆ। ਛੋਟੇ ਭਰਾ ਨੇ ਕਿਹਾ ਚਲੋ ਬਿਆਸ ਡੇਰੇ ਚਲਦੇ ਹਾਂ ਅੱਜ ਉਥੇ ਮਹਾਰਾਜ ਚਰਨ ਸਿੰਘ ਜੀ ਸਤ ਸੰਗ ਕਰਨਗੇ। ਉਹਨਾਂ ਦੀ ਮਿੱਠੀ ਅਵਾਜ਼ ਅਤੇ ਸਤ ਸੰਗ ਨੇ ਮੇਰਾ ਮੰਨ ਖਿੱਚ ਲਿਆ। ਜਾਦੂ ਸੀ ਉਹਨਾਂ ਦੀ ਅਵਾਜ਼ ਵਿੱਚ¢ਮੰਨ ਨੇ ਕਿਹਾ ਇਹੋ ਆਖਰੀ ਮੰਜ਼ਲ ਹੈ ਅਤੇ ਹੋਰ ਖੋਜ ਕਰਨੀ ਫ਼ਜ਼ੂਲ ਹੈ। ਮਲਿਕਪੁਰ, ਪਠਾਨਕੋਟ ਤੋਂ ਮੈਂ ਬਦਲੀ ਤਲਵਾੜਾ ਦੀ ਕਰਵਾ ਲਈ। ਬਿਜਲੀ ਘਰ ਬਣ ਰਿਹਾ ਸੀ। ਚਾਰ ਸਾਲ ਵਿੱਚ ਮੁਕੰਮਲ ਕਰਕੇ ਬੜਾ ਚੰਗਾ ਲੱਗਾ। ਨੌਕਰੀ ਦੌਰਾਨ ਕਈ ਮਾਤਹਿਤ ਅਤੇ ਅਫਸਰਾਂ ਨਾਲ ਵਾਹ ਪਿਆ। ਸਾਰੇ ਅਫਸਰ ਚੰਗੇ ਮਿਲੇ। ਪਰ ਸ. ਪ੍ਰਿਤਪਾਲ ਸਿੰਘ ਸਭ ਤੋਂ ਅਨੋਖੇ ਸਨ। ਇਹ ਸਾਡੇ ਤਲਵਾੜਾ ਵਿਖੇ Boss ਨਿਰਦੇਸ਼ਕ ਸਨ। ਸਾਡਾ ਬੜਾ ਖਿਆਲ ਰੱਖਦੈ। ਉੱਦਮ, ਹਿੰਮਤ, ਹੌਸਲਾ, ਜ਼ਿੰਦਾ-ਦਿਲੀ, ਮਿਲਣ-ਸਾਰੀ ਅਤੇ ਜੀਵਨ-ਉਤਸ਼ਾਹ ਵਾਲੀ ਸਖਸ਼ਿਅਤ ਦੇ ਮਾਲਕ ਸਨ। ਕਦੀ ਵੀ ਸਾਡੇ ਕੰਮ ਵਿਚ ਦਖ਼ਲ ਅੰਦਾਜ਼ ਨਾਂ ਕਰਦੇ। ਪੂਰਾ ਇਤਬਾਰ, ਸੱਚਾਈ, ਭਰੋਸਾ ਅਤੇ ਪਿਆਰ ਨਾਲ ਕੰਮ ਲੈਂਦੇ। ਮਾਤਹਿਤ ਅਤੇ ਵੱਡਿਆਂ ਦਾ ਆਦਰ, ਸਿਫਤ ਕਰਨਾ ਉਹਨਾਂ ਦੀ ਆਦਤ ਬਣ ਚੁਕੇ ਸਨ। ਉਹਨਾਂ ਦੀ ਯਾਦ-ਸ਼ਕਤੀ ਬੇਮਿਸਾਲ, ਅਮੁੱਕ ਤੇ ਅਥਾਹ ਸੀ। ਬੇਲੋੜੀਆਂ ਗੱਲਾਂ ਦਾ ਕਦੀ ਜ਼ਿਕਰ ਨਾਂ ਕਰਦੇ। ਬੇਪਰਵਾਹ, ਸ਼ਾਹੀ ਮਜ਼ਾਜ, ਜਲਦੀ ਕੰਮ ਤੇ ਚਕਰ ਮਾਰ ਆਉਣਾ ਪਰ ਬੜੀ ਥੋੜ੍ਹੀ ਦੇਰ ਉਹ ਕੰਮ ਤੇ ਰੁਕਦੇ। ਕਹਿੰਦੇ ਮੈਨੂੰ ਚਾਹ ਦਾ ਕੱਪ ਪਿਲਾਓ ਮੈਂ ਚਲਦਾ ਹਾਂ ਤੁਸੀਂ ਆਪਣੇ ਕੰਮ ਕਰਨੇ ਹਨ। ਪੂਰੀ ਜ਼ਿੰਮੇਵਾਰੀ ਮਾਤਹਿਤ ਨੂੰ ਦੇਣਾ ਉਹਨਾਂ ਨੂੰ ਆਉਂਦਾ ਸੀ। ਕਿਸੇ ਨੇ ਕੋਈ ਕੰਮ ਕਿਹਾ ਮੈਂ ਉਹਨਾਂ ਨੂੰ ਲਿਖਦੇ ਕਦੀ ਨਹੀਂ ਦੇਖਿਆ ਪਰ ਹਮੇਸ਼ਾ ਉਸ ਮਾਤਹਿਤ ਦਾ ਕੰਮ ਕਰ ਦਿੰਦੇ। ਬੜੇ ਚੇਤਨ ਸਨ। ਕੋਈ ਲਿਖਾ-ਲਿਖਾਈ ਵਿੱਚ ਨਾਂ ਪੈਂਦੇ। ਜਿਹੜਾ ਕੰਮ ਕਰਨਾ ਹੈ ਉਹ ਉਹਨਾਂ ਨੂੰ ਕਦੀ ਭੁੱਲਦਾ ਨਾਂ¢ਮਹਿਮਾਨ ਨਿਵਾਜੀ ਵੀ ਉਹਨਾਂ ਨੂੰ ਵਿਰਸੇ ਤੋਂ ਮਿਲੀ ਸੀ। ਉਹਨਾਂ ਦੀ ਪਤਨੀ ਦੇ ਪਰੀਵਾਰ ਵਿੱਚ ਤਾਂ ਇਹ ਆਦਤ ਸੀ ਕਿ ਕੋਈ ਆਵੇ ਲੰਗਰ ਤੋਂ ਬਗੈਰ ਨਹੀਂ ਜਾਵੇਗਾ। ਸਾਨੂੰ ਮਾਤਹਿਤ ਅਫਸਰਾਂ ਨੂੰ ਮਹੀਨੇ ਵਿੱਚ ਇਕ ਵਾਰੀ ਜਰੂਰ ਖਾਣੇ ਤੇ ਘਰ ਬੜੀ ਖੁਸ਼ੀ ਨਾਲ ਬੁਲਾਂਦੇ। ਪੀਣ ਦੇ ਸ਼ੌਕੀਨ ਸਨ। ਕਈ ਵਾਰੀ ਤਾਂ ਮਹੀਨੇ ਵਿੱਚ ਤਿੰਨ ਵਾਰੀ ਖਾਣੇ ਤੇ ਬੁਲਾ ਲੈਂਦੇ। ਉਹ ਇਸਨੂੰ ਘਾਟ ਨਹੀਂ ਬਲਕਿ ਬਰਕਤ ਸਮਝਦੇ। ਜਿੰਨੀ ਇੱਜ਼ਤ ਅਸੀਂ ਉਹਨਾਂ ਨੂੰ ਦਿੱਤੀ ਹੈ। ਸ਼ਾਇਦ ਹੀ ਕਿਸੇ ਹੋਰ ਅਫਸਰ ਨੇ ਲਈ ਹੋਵੇ। ਪਰ ਅਫ਼ਸੋਸ ਹੈ ਕਿ ਆਖੀਰ ਵਿਚ ਉਹਨਾਂ ਨੂੰ ਭੁੱਲਣ ਦੀ ਬੀਮਾਰੀ ਹੋ ਗਈ। ਆਪਣੇ ਆਪ ਦਾ ਵੀ ਪਤਾ ਨਹੀਂ ਸੀ ਰਹਿੰਦਾ। ਰੱਬ ਉਹਨਾਂ ਨੂੰ ਸ਼ਾਂਤੀ ਬਖਸ਼ੇ ਉਹ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ। ਬਿਜਲੀ ਘਰ ਮੁਕੰਮਲ ਹੋਣ ਦੇ ਬਾਅਦ ਸਾਨੂੰ ਛੇ ਇੰਜੀਨੀਅਰਾਂ ਨੂੰ ਭਾਰਤ ਸਰਕਾਰ ਵੱਲੋਂ ਲਿਬੀਆ ਦੇਸ਼ ਨੂੰ ਪ੍ਰਤੀਨਿਧੀ ਮੰਡਲ ਦੇ ਤੌਰ ਤੇ ਸੌਂਪ ਦਿੱਤਾ। ਸਾਨੂੰ ਉਥੇ ਤਰਪੋਲੀ ਸ਼ਹਿਰ ਵਿੱਚ ਜੋ ਉਸ ਦੇਸ਼ ਦੀ ਰਾਜਧਾਨੀ ਹੈ ਮਾਹਿਰਾਂ ਦੇ ਤੌਰ ਤੇ ਤਾਇਨਾਤ ਕੀਤਾ ਗਿਆ। ਹਰ ਦੋ ਸਾਲ ਬਾਦ ਲਿਬੀਆ ਸਰਕਾਰ ਨੇ ਸਾਨੂੰ ਸਣੇ ਪਰਿਵਾਰ ਦੇ ਟਿਕਟਾਂ ਅਤੇ ਛੁੱਟੀ ਸਮੇਤ 4 ਵਾਰੀ ਭਾਰਤ ਆਉਣ ਦੀ ਇਜਾਜ਼ਤ ਦਿੱਤੀ। ਹਰ ਚੀਜ਼ ਅਵੱਲ ਕਿਸਮ ਦੀ ਬਾਹਰਲੇ ਦੇਸ਼ਾਂ ਤੋਂ ਮੰਗਵਾਂਦੇ ਅਤੇ ਫਿਰ ਬਹੁਤ ਘਟ ਰੇਟ ਤੇ ਸਰਕਾਰ ਵੱਲੋਂ ਵੇਚੀ ਜਾਂਦੀ ਕਿਉਂਕਿ ਪੈਟਰੋਲ ਦਾ ਪੈਸਾ ਉਹਨਾਂ ਕੋਲ ਬਹੁਤ ਸੀ। ਤਾਨਾਸ਼ਾਹੀ ਕਰਨਲ ਗਦਾਫੀ ਦਾ ਰਾਜ ਸੀ। ਉਸਦਾ ਬੰਦੋਬਸਤ ਬੜਾ ਸ਼ਲਾਘਾਯੋਗ ਸੀ। ਪੜ੍ਹਾਈ ਮੁਫ਼ਤ, ਇਲਾਜ ਅਤੇ ਦਵਾਈਆਂ ਮੁਫ਼ਤ, ਨੌਕਰੀਆਂ ਝੱਟ ਮਿਲ ਜਾਂਦੀਆਂ, ਅੱਵਲ ਨੰਬਰ ਦਾ ਪੈਟਰੋਲ, ਮੌਸਮ ਬਹੁਤ ਮਜ਼ੇਦਾਰ, ਨਿੰਬੂ ਜਾਤੀ ਦੇ ਫਲ ਬਹੁਤ ਸਨ ਆਦਿਕ। ਲੋਕ ਭੋਲੇ, ਘਟ ਪੜ੍ਹੇ ਲਿਖੇ, ਖੁਦਾ ਤੋਂ ਡਰਣ ਵਾਲੇ, ਗੋਰੇ ਸੁੰਦਰ, ਪੁਲਸ ਇਮਾਨਦਾਰੀ ਚੁਸਤ ਅਤੇ ਦਰੁਸਤ ਸੀ। ਮੇਰਾ Supervisor ਮੁਹੰਮਦ ਅਲੀ ਸੀ ਅਤੇ ਨਿਰਦੇਸ਼ਕ ਮੁਖਤਾਰ ਮਾਰੂਸ਼ ਸੀ। ਬੜੇ ਚੰਗੇ ਅਤੇ ਵੱਡੇ ਦਿਲਾਂ ਦੇ ਮਾਲਿਕ ਸਨ। ਬੜਾ ਕੁਝ ਲਿਖਿਆ ਜਾ ਸਕਦਾ ਹੈ ਲਿਬੀਆ ਅਤੇ ਉਥੋਂ ਦੇ ਲੋਕਾਂ ਬਾਰੇ ਪਰ ਜਗਾ ਘਟ ਹੈ। ਹੁਣ ਤੇ ਅਮਰੀਕਾਤੇ ਯੂਰਪ ਦੀ ਮਿਹਰਬਾਨੀ ਕਰਕੇ ਲਿਬੀਆ ਵਿਚ ਬੜੀ ਬਰਬਾਦੀ ਹੋਈ ਹੈ। ਉਥੇ ਭਾਰਤੀ ਇੰਜੀਨੀਅਰ ਬਹੁਤ ਸਨ। ਇਕ ਦੋਸਤ ਸੰਤ ਸਿੰਘ ਗਿਲ ਉਥੇ ਮਿਲੇ। ਸੁਭਾਅ ਦੇ ਖੁੱਲੇ, ਹੱਸਮੁਖ, ਹਰ ਇਕ ਦੀ ਸਹਾਇਤਾ ਲਈ ਤਿਆਰ ਰਹਿੰਦੇ। ਉਥੇ ਸਤ ਸਾਲ ਤੋਂ ਵੀ ਜ਼ਿਆਦਾ ਸਮਾਂ ਰਹੇ। ਲਿਬਿਆ ਲੋਕਾਂ ਵਿਚ ਬੜੇ ਹਰਮਨ ਪਿਆਰੇ ਸਨ। ਲਿਬੜੀ ਭਾਸ਼ਾ ਬਹੁਤ ਚੰਗੀ ਬੋਲ ਲੈਂਦੇ। ਫਿਰ ਕਈ ਮੁਲਕਾਂ ਵਿਚ ਸੇਵਾ ਕਰਣ ਦਾ ਉਹਨਾਂ ਨੂੰ ਮੌਕਾ ਮਿਲਿਆ। ਹੁਣ ਉਹ ਉਹਨਾਂ ਦੀ ਰਹਾਇਸ਼ ਪੰਚਕੁਲਾ ਹੈ। ਦੋਸਤਾਂ ਨੂੰ ਮਿਲ ਕੇ ਅਤੇ ਮਿਲਾ ਕਿ ਬੜੇ ਖੁਸ਼ ਹੁੰਦੇ ਹਨ। ਜਦੋਂ ਵੀ ਭਾਰਤ ਜਾਂਦਾ ਹਾਂ ਉਹਨਾਂ ਨੂੰ ਮਿਲ ਕੇ ਜ਼ਰੂਰ ਆਉਂਦਾ ਹਾਂ। 1984 ਵਿੱਚ ਲਿਬਿਆ ਤੋਂ ਛੁਟੀ ਆਏ ਤਾਂ ਬਿਆਸ ਡੇਰੇ ਸਤਿਗੁਰੂ ਮਹਾਰਾਜ ਚਰਨ ਸਿੰਘ ਜੀ ਅਗੇ ਮੈਂ ਪੇਸ਼

ਹੋਇਆ। ਉਹਨਾਂ ਨੇ ਨਾਮ ਦਾਨ ਦੀ ਬਖ਼ਸ਼ਿਸ਼ ਕਰ ਦਿੱਤੀ। ਉਪਦੇਸ਼ ਪੂਰਾ ਹੈ ਕੋਈ ਕਮੀ ਨਹੀਂ ਹੈ ਪਰ ਅਫ਼ਸੋਸ ਕਿ ਕੋਈ ਤਰੱਕੀ ਨਹੀਂ ਕੀਤੀ ਮੈਂ ਆਪਣੇ ਵੱਲੋਂ। ਗੁਰੂ ਜੀ ਕਹਿੰਦੇ ਹਨ ਕਿ ਪਹਿਲਾ ਕਦਮ ਤੇ ਹਰ ਇਨਸਾਨ ਨੇ ਆਪ ਲੈਣਾ ਹੈ ਬਾਕੀ ਉਸ ਮਾਲਿਕ ਦੀ ਮੌਜ। ਕਈ ਸਤਸੰਗ ਉਹਨਾਂ ਦੇ ਮੁਹਾਰ ਬਿੰਦ ਤੋਂ ਸੁਣੇ ਪਰ ਕੀ ਫਾਇਦਾ ਜੇ ਅਮਲ ਨਹੀਂ ਕੀਤਾ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਫ਼ਰਮਾਇਆ ਹੈ ਕਿ ਸੱਚ ਆਚਾਰ ਸਭ ਤੋਂ ਉਪਰ ਹੈ। ਸੁਨਣਾ, ਪੜ੍ਹਨਾ, ਕਹਿਣਾ ਸਭ ਸੌਖੇ ਹਨ ਗਲ ਤਾਂ ਅਮਲ ਦੀ ਹੈ।

ਇਕ ਦੋਸਤ ਸ. ਬਲਵਿੰਦਰ ਸਿੰਘ ਮਾਂਗਟ ਨਾਲ ਵੀ ਭਾਖੜਾ ਨੰਗਲ ਤੋਂ ਦੋਸਤੀ ਚਲ ਰਹੀ ਹੈ। ਲੇਖਾ ਅਧਿਕਾਰੀ, ਪਰ ਸੁਭਾਅ ਦੇ ਬਹੁਤ ਦਲੇਰ ਹਨ। ਕੋਈ ਲੇਖਾ ਅਧਿਕਾਰੀ ਅਫਸਰ ਨਹੀਂ ਕਹਿ ਸਕਦਾ ਸੀ ਉਹਨਾਂ ਨੂੰ। ਉਹ ਆਪਣੀ ਮਿਹਨਤ, ਈਮਾਨਦਾਰੀ, ਲਿਆਕਤ ਨਾਲ ਮਹਿਕਮੇ ਦੇ ਲੇਖਾ ਵਿਭਾਗ ਦੇ ਸਭ ਤੋਂ ਉੱਚੇ ਪਦ ਵਿੱਤੀ ਸਲਾਹਕਾਰ ਅਤੇ ਮੁਖ ਲੇਖਾ ਅਧਿਕਾਰੀ ਤੋਂ ਸੇਵਾ ਮੁਕਤ ਹੋਏ। ਉਹਨਾਂ ਦੀ ਵਾਕਫ਼ੀਅਤ ਬਹੁਤ ਛੋਟੇ ਤੋਂ ਲੈ ਕੇ ਮਨਿਸਟਰਾਂ ਤਕ ਅਜੇ ਵੀ ਹੈ। ਬਿਨਾਂ ਮੰਗਿਆਂ ਮਦਦ ਕਰਦੇ ਹਰ ਇਕ ਦੀ। ਮੇਰੀ ਬਦਲੀ ਕਈ ਵਾਰੀ ਭੈੜੀ ਜਗਾ ਤੇ ਹੋ ਜਾਂਦੀ ਰੁਕਵਾ ਕੇ ਆਪੇ ਫਿਰ ਮੈਨੂੰ ਦੱਸਦੇ ਤੈਨੂੰ ਨਹੀਂ ਇਥੋਂ ਜਾਣ ਦੇਣਾ। ਉਹਨਾਂ ਦੀ ਪਤਨੀ ਪੂਰੇ ਹੋਇਆਂ 30 ਸਾਲ ਹੋ ਗਏ ਹੋਣਗੇ। ਤਿੰਨ ਲੜਕੀਆਂ ਅਮਰੀਕਾ ਵਿਚ ਵਿਆਹੀਆਂ ਹਨ ਤੇ ਕਈ ਸਾਲਾਂ ਤੋਂ ਉਥੇ ਵੱਡੀ ਲੜਕੀ ਕੋਲ ਰਹਿ ਰਹੇ ਹਨ। ਸਾਡੀ ਅਕਸਰ ਟੈਲੀਫ਼ੋਨ ਤੇ ਗੱਲਬਾਤ ਹੁੰਦੀ ਰਹਿੰਦੀ ਹੈ। ਭਾਪਾ ਜੀ ਅਤੇ ਭਾਬੀ ਜੀ 90 ਤੋਂ ਉਪਰ ਹੋ ਗਏ। ਸਿਹਤ ਕਮਜ਼ੋਰ ਹੋਣ ਲੱਗ ਪਈ ਪਰ ਉਹਨਾਂ ਨੂੰ ਬੀਪੀ, ਦਿਲ ਜਾਂ ਮਧੂ ਮੇਹ ਦੀ ਕਦੀ ਕੋਈ ਬੀਮਾਰੀ ਨਾਂ ਹੋਈ। ਸਿਰਫ ਜ਼ਿਆਦਾ ਉਮਰ ਹੀ ਕਮਜ਼ੋਰੀ ਦਾ ਕਾਰਣ ਸੀ; ਆਖਿਰ ਜਦੋਂ ਭਾਪਾ ਜੀ 95ਵੇਂ ਸਾਲਾਂ ਦੇ ਅਤੇ ਭਾਬੀ ਜੀ 90 ਸਾਲਾਂ ਦੇ ਹੋਏ ਤਾਂ ਉਹ ਪੂਰੇ ਹੋ ਗਏ।

